# ਅੰਮ੍ਰਿਤ ਕੀਰਤਨ

ਅੰਕ 5
ਸਾਲ ਤੀਜਾ
ਮਈ 1991



ਭਾਈ ਦਿਲਬਾਗ ਸਿੰਘ ਜੀ

# ਅੰਮ੍ਰਿਤ ਕੀਰਤਨ ਲਈ ਮਾਇਕ ਸਹਾਇਤਾ ਭੇਜਣ ਵਾਲੇ ਸੁਹਿਰਦ ਅਤੇ ਸੂਝਵਾਨ ਸੱਜਣ

| | | |
|---|---|---|
| | ਮੇਜਰ ਆਗਿਆਪਾਲ ਸਿੰਘ 1051/27 ਬੀ ਚੰਡੀਗੜ੍ਹ | 100/- |
| — | ਲੋਚਨ ਸਿੰਘ 14-ਏ ਸਿਵਲ ਲਾਈਨ ਅਲਾਹਾਬਾਦ | 100/- |
| — | ਪ੍ਰਿੰਸੀਪਲ ਹਾਕਮ ਸਿੰਘ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਟੋਹਾਣਾ | 50/- |
| — | ਗਿਆਨੀ ਅਜੀਤ ਸਿੰਘ ਅਜੀਤ ਰਾਮਗੜ੍ਹੀਆ ਸਕੂਲ ਲੁਧਿਆਣਾ | 51/- |
| — | ਭਾਈ ਕਰਮ ਸਿੰਘ ਰਤਨ, ਗੁ: ਸਿੰਘ ਸਭਾ ਮਾਡਲ ਟਾਊਨ ਬਰੇਲੀ | 50/- |
| — | ਸ੍ਰੀਮਤੀ ਜਸਵੰਤ ਕੌਰ 687/1, ਸੈਕਟਰ 41-ਏ ਚੰਡੀਗੜ੍ਹ | 50/- |
| — | ਸ੍ਰ. ਸ਼ਮਸ਼ੇਰ ਸਿੰਘ ਦੂਲੋਂ, ਖੰਨਾ | 50/- |
| — | ਪ੍ਰੋ. ਸੁਰਿੰਦਰ ਕਪਿਲਾ ਸਰਕਾਰੀ ਕਾਲਜ ਪਟਿਆਲਾ | 50/- |
| — | ਡਾ. ਗੁਰਮੁਖ ਸਿੰਘ ਤਲਵਾੜ ਚੈਰੀਟੇਬਲ ਟ੍ਰਸਟ ਖੰਨਾ | 500/- |
| — | ਪ੍ਰਿੰ. ਗੁਰੂ ਨਾਨਕ ਖਾਲਸਾ ਕਾਲਜ ਫਾਰ ਵਿਮਨ ਲੁਧਿਆਣਾ | 50/- |
| — | ਗੁਰਦੁਆਰਾ ਧਨ ਪੋਠੋਹਾਰ ਬੰਬਈ | 50/- |
| — | ਸ੍ਰ. ਪਰਮਜੀਤ ਸਿੰਘ ਚੰਡੀਗੜ੍ਹ ਸੰਗੀਤ ਸਭਾ | 50/- |
| — | ਪ੍ਰੋ. ਕੁਲਵੰਤ ਸਿੰਘ 276/22 ਏ ਚੰਡੀਗੜ੍ਹ | 50/- |
| — | ਸ੍ਰ. ਬੰਤ ਸਿੰਘ 53/18 ਏ ਚੰਡੀਗੜ੍ਹ | 50/- |
| — | ਚਰਨਜੀਤ ਸਿੰਘ ਬੇਦੀ ਰਣਜੀਤ ਨਗਰ ਨਵੀਂ ਦਿੱਲੀ | 50/- |
| — | ਹਰਮਿੰਦਰ ਸਿੰਘ ਗਰੇਵਾਲ 70/15 ਏ ਚੰਡੀਗੜ੍ਹ | 50/- |
| — | ਅਮਨਜੋਤ ਸਿੰਘ, ਸੰਦੀਪ ਕੌਰ ਖੇਤੀਬਾੜੀ ਯੂਨੀ. ਲੁਧਿਆਣਾ | 50/- |
| — | ਪ੍ਰੋ. ਕਰਤਾਰ ਸਿੰਘ 69 ਮਾਡਲ ਟਾਊਨ ਹੁਸ਼ਿਆਰ ਪੁਰ | 50/- |
| — | ਭਾਈ ਜਰਨੈਲ ਸਿੰਘ ਖਾਲਸਾ ਗੁ: ਸਾਚਾ ਧਨ ਮੁਹਾਲੀ | 50/- |
| — | ਗੁਪਤ ਦਾਨ ਗੜ੍ਹਦੀ ਵਾਲਾ | 50/- |
| — | ਡਾ. ਜਸਬੀਰ ਸਿੰਘ ਸਾਬਰ ਗੁਰੂ ਨਾਨਕ ਦੇਵ ਯੂਨੀ. ਅੰਮ੍ਰਿਤਸਰ | 50/- |
| — | ਹਰਿੰਦਰਪਾਲ ਸਿੰਘ 621 ਫੇਜ਼ 10 ਮੋਹਾਲੀ | 50/- |
| — | ਸ਼ਮਸ਼ਾਦ ਅਲੀ ਰਾਮ ਪੁਰ ਲੁਧਿਆਣਾ | 50/- |
| — | ਭਾਗ ਸਿੰਘ ਸੁਭਾਸ਼ ਲਘੂ ਉਦਯੋਗ ਦਾਦਰੀ | 50/- |
| — | ਗੁਰਜੀਤ ਸਿੰਘ ਪੰਜਾਬੀ ਯੂਨੀ. ਪ੍ਰੈਸ ਪਟਿਆਲਾ | 50/- |
| — | ਰਾਗੀ ਜਗਜੀਤ ਸਿੰਘ ਰਾਹੀਂ ਪ੍ਰੋ. ਦਰਸ਼ਨ ਸਿੰਘ ਪਟਿਆਲਾ | 50/- |
| — | ਜੇ. ਐਸ. ਢਿਲੋਂ 672/6 ਮੋਹਾਲੀ | 50/- |
| — | ਸ੍ਰ. ਗਿਆਨ ਸਿੰਘ ਕਾਨੂੰਗੋ (ਰਿਟਾ.), ਜਾਡਲਾ | 50/- |

# ਅੰਮ੍ਰਿਤ ਕੀਰਤਨ

ਅੰਕ 5 ਸਾਲ ਤੀਜਾ ਮਈ 1991

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ

ਸਹਿਯੋਗੀ
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੰਮਲ
ਹਰਿਭਜਨ ਸਿੰਘ ਚੋਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ

ਚਿਤਰਕਾਰ : ਗੁਰਦੀਪ ਸਿੰਘ ਦੀਪ

ਚਿੱਠੀ ਪੱਤਰ ਲਈ ਪਤਾ :

**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**
422, ਸੈਕਟਰ 15-ਏ,
ਚੰਡੀਗੜ੍ਹ-160015
ਫੋਨ : 24660

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰ ਸਕੂਲਾਂ ਦੀਆਂ ਲਾਇਬ੍ਰੇਰੀਆ ਲਈ ਪ੍ਰਵਾਣਿਤ ਹੈ।

## ਵਿਸ਼ਾ ਪੰਨਾ

1. ਕਰਉ ਬੇਨੰਤੀਆਂ 4
2. ਗੁਰੂ ਕਾਵਿ ਦੀ ਕਾਵਿਕ ਤੇ ਸੰਗੀਤਕ ਪਿੱਠ-ਭੂਮੀ — ਡਾ. ਜਾਗੀਰ ਸਿੰਘ 6
3. ਮਹਾਨ ਕੀਰਤਨੀਏ : ਭਾਈ ਦਿਦਾਰ ਸਿੰਘ — ਹਰਜਾਪ ਸਿੰਘ 11
4. ਭਾਈ ਜਗਜੀਤ ਸਿੰਘ ਸਿਦਕੀ — ਪ੍ਰੋ. ਸਤਵਿੰਦਰ ਸਿੰਘ 17
5. ਸ਼ਬਦ-ਪ੍ਰਮਾਣ : ਆਸਾ ਮਹਲਾ ੫ — ਕੁਲਦੀਪ ਸਿੰਘ ਐਸ.ਡੀ.ਓ. 20
6. 'ਫ਼ਨੇ-ਕੱਵਾਲੀ ਅਤੇ ਇਸ ਫ਼ਨ ਦੇ ਕਲਾਕਾਰ ਕੱਵਾਲ" — ਟੀ.ਸੀ. ਨਾਗਪਾਲ 22
7. ਆਸਾ ਦੀ ਵਾਰ : ਲੜੀਵਾਰ ਵੀਚਾਰ — ਪ੍ਰੇਮ ਸਿੰਘ ਪ੍ਰੇਮ 25
8. ਗੁਰੂ ਨਾਨਕ ਅਨਮੋਲ ਬਚਨ — ਪ੍ਰਿੰ. ਹਰਭਜਨ ਸਿੰਘ 27
9. ਸ਼ਬਦ ਸੁਰ-ਲਿਪੀ ਰਾਗ ਆਸਾ ਮਹਲਾ ੫ — ਸ੍ਰ. ਉੱਤਮ ਸਿੰਘ 28
10. ਚੋਣਵੇਂ ਗੁਰਮਤਿ ਮੈਗਜ਼ੀਨਾਂ ਦੀ ਸੂਚੀ 30
11. ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ — ਡਾ. ਜਾਗੀਰ ਸਿੰਘ 32
12. ਟਾਈਟਲ ਫੋਟੋ : ਭਾਈ ਦਿਲਬਾਗ ਸਿੰਘ ਜੀ

ਨੋਟ : ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕਰਉ ਬੇਨੰਤੀਆ

## ਗੁਰਦੁਆਰਾ ਲਾਇਬਰੇਰੀਆਂ

ਅਸੀਂ ਆਪਣਾ ਮੈਗਜ਼ੀਨ 'ਅੰਮ੍ਰਿਤ ਕੀਰਤਨ' ਵੱਖ ਵੱਖ ਗੁਰਦੁਆਰਿਆਂ ਦੀਆਂ ਲਾਇਬਰੇਰੀਆਂ ਵਿਚ ਲਗਵਾਉਣ ਲਈ ਗੁਰਦੁਆਰਾ ਕਮੇਟੀਆਂ ਨੂੰ ਬਿਨੈ-ਪੱਤਰ ਭੇਜੇ ਸਨ। ਇਸ ਬਾਰੇ ਮਹੱਤਵ-ਪੂਰਨ ਪ੍ਰਤੀਕਰਮ ਸਾਹਮਣੇ ਆਏ ਹਨ।

7 ਗੁਰਦੁਆਰਾ ਕਮੇਟੀਆਂ ਨੇ ਮੈਗਜ਼ੀਨ ਲਗਵਾ ਲਿਆ ਹੈ। 2 ਗੁਰਦੁਆਰਾ ਕਮੇਟੀਆਂ ਨੇ ਇਸ ਮੈਗਜ਼ੀਨ ਨੂੰ ਆਪਣੇ ਮਤਲਬ ਦਾ ਨਹੀਂ ਸਮਝਿਆ। 90 ਗੁਰਦੁਆਰਾ ਕਮੇਟੀਆਂ ਨੇ ਸਾਡੇ ਪੱਤਰ ਦਾ ਉੱਤਰ ਹੀ ਨਹੀਂ ਦਿੱਤਾ। ਇਕ ਗੁਰਦੁਆਰਾ ਕਮੇਟੀ ਨੇ ਆਪਣੀ ਲਾਇਬਰੇਰੀ ਅਤੇ ਮੈਗਜ਼ੀਨਾਂ ਬਾਰੇ ਜੋ ਪੱਤਰ ਸਾਨੂੰ ਲਿਖਿਆ, ਉਹ ਪੰਜਾਬੀ ਪਿਆਰਿਆਂ ਅਤੇ ਗੁਰਮਤ ਪ੍ਰਚਾਰ ਦੇ ਚਾਹਵਨਾਂ ਨਾਲ ਸਾਂਝਾ ਕਰਨਾ ਜ਼ਰੂਰੀ ਸਮਝਦੇ ਹਾਂ। ਇਸ ਗੁਰਦੁਆਰਾ ਕਮੇਟੀ ਦੇ ਪ੍ਰਬੰਧਕ ਲਿਖਦੇ ਹਨ :—

"ਆਪ ਵਲੋਂ ਪ੍ਰਕਾਸ਼ਿਤ ਕੀਤੇ ਜਾ ਰਹੇ ਮੈਗਜ਼ੀਨ ਅੰਮ੍ਰਿਤ ਕੀਰਤਨ' ਦੇ ਬਾਕਾਇਦਾ ਮੰਗਵਾਉਣ ਬਾਰੇ ਆਪ ਜੀ ਦੀ ਚਿੱਠੀ ਪੁਜੀ। ਇਸ ਸੰਬੰਧੀ ਬੇਨਤੀ ਹੈ ਕਿ ਇਥੇ ਸਭਾ ਦੀ ਲਇਬਰੇਰੀ ਵਿਚ ਸਭ ਪਾਸਿਓਂ ਕਈ ਤਰ੍ਹਾਂ ਦੇ ਹਫਤੇਵਾਰੀ ਪਰਚੇ ਅਤੇ ਮੈਗਜ਼ੀਨ। ਟਰੈਕਟ ਆ ਰਹੇ ਹਨ ਅਤੇ ਸੰਗਤਾਂ ਵਿਚ ਪ੍ਰਚਾਰਨ ਲਈ ਲਾਇਬਰੇਰੀ ਵਿਚ ਰੱਖ ਦਿੱਤੇ ਜਾਂਦੇ ਹਨ। ਕਮੇਟੀ ਵਲੋਂ ਪਹਿਲੇ ਕੀਤੇ ਫੈਸਲੇ ਅਨੁਸਾਰ ਇਹਨਾਂ ਨਵੇਂ ਆਏ ਪਰਚਿਆਂ/ ਮੈਗਜ਼ੀਨਾਂ ਨੂੰ ਪੱਕੇ ਤੌਰ ਤੇ ਬਾਕਾਇਦਾ ਲਗਵਾਉਣ ਦੀ ਪ੍ਰਵਾਨਗੀ ਨਹੀਂ ਦਿੱਤੀ ਗਈ ਹੈ। ਇਸ ਲਈ ਆਪ ਜੀ ਵੱਲੋਂ ਖਿਮਾਂ ਦੇ ਜਾਚਕ ਹਾਂ।"

ਜੇਕਰ ਇਹ ਪੱਤਰ ਕਿਸੇ ਛੋਟੇ ਨਗਰ ਦੀ ਸਿੰਘ ਸਭਾ ਵੱਲੋਂ ਹੁੰਦਾ ਅਤੇ ਜੇ ਕੇਵਲ 'ਅੰਮ੍ਰਿਤ ਕੀਰਤਨ' ਬਾਰੇ ਹੀ ਹੁੰਦਾ ਤਾਂ ਸ਼ਾਇਦ ਅਸੀਂ ਇਸ ਵੱਲ ਧਿਆਨ ਨਾ ਦਿੰਦੇ। ਪਰ ਇਹ ਪੱਤਰ ਭਾਰਤ ਦੇ ਇਕ ਮਹਾਂਨਗਰ ਦੀ ਸਭ ਤੋਂ ਵੱਡੀ ਸਿੰਘ ਸਭਾ ਵਲੋਂ ਹੈ ਅਤੇ ਇਸ ਦੀ ਲਾਇਬਰੇਰੀ ਵਿਚ ਸਭ ਮੈਗਜ਼ੀਨਾਂ ਨੂੰ ਬਾਕਾਇਦਾ ਤੌਰ ਤੇ ਲਗਵਾਉਣ ਦੀ ਮਨਾਹੀ ਕੀਤੀ ਹੋਈ ਹੈ।

ਇਹ ਖੁਸ਼ੀ ਦੀ ਗੱਲ ਹੈ ਕਿ ਇਹ ਸਿੰਘ ਸਭਾ ਪੱਤਰਾਂ ਦੇ ਉੱਤਰ ਬਾਕਾਇਦਾ ਤੌਰ ਤੇ ਦਿੰਦੀ ਹੈ। ਇਹ ਵੀ ਖੁਸ਼ੀ ਦੀ ਗੱਲ ਹੈ ਕਿ ਇਥੇ ਇਕ ਲਾਇਬਰੇਰੀ ਵੀ ਸਥਾਪਤ ਹੈ ਪਰ ਮੈਗਜ਼ੀਨਾਂ ਉਤੇ ਪੈਸਾ ਨਾ ਖਰਚਣ ਦੀ ਗੱਲ ਸਾਡੀ ਸਮਝ ਤੋਂ ਬਾਹਰ ਹੈ। ਪਰਚਿਆਂ ਨੂੰ ਨਾ ਲਗਵਾਉਣ ਦਾ ਫੈਸਲਾ ਹੀ ਕਰ ਦਿੱਤਾ ਗਿਆ। ਅਜਿਹੇ ਫੈਸਲੇ ਕੌਮ ਲਈ ਕਿਤਨੇ ਨੁਕਸਾਨਦਾਇਕ ਹਨ ਕੀ ਅਜਿਹੇ ਸ਼ਹਿਰਾਂ ਵਿਚ ਵਸਦੇ ਵਿਦਵਾਨ ਇਹਨਾਂ ਕਮੇਟੀਆਂ ਦੇ ਅਹੁਦੇਦਾਰਾਂ ਨੂੰ ਨਹੀਂ ਸਮਝਾ ਸਕਣਗੇ ?

ਜੇ ਪੰਜਾਬੀ ਵਿਚ ਪ੍ਰਕਾਸ਼ਿਤ ਹੁੰਦੇ ਸਾਰੇ ਮੈਗਜ਼ੀਨ ਹੀ ਇਕ ਲਾਇਬ੍ਰੇਰੀ ਵਿਚ ਮੰਗ ਵਾਉਣੇ ਹੋਣ ਤਾਂ ਕਿਸੇ ਤਰ੍ਹਾਂ ਵੀ ਖਰਚਾ ਇਕ ਸੌ ਰੁਪਏ ਮਹੀਨੇ ਤੋਂ ਨਹੀਂ ਵਧਦਾ। ਅਸੀਂ ਨਹੀਂ ਸਮਝਦੇ ਕਿ ਕਿਸੇ ਵੀ ਗੁਰਦੁਆਰੇ ਕੋਲ ਇਤਨਾ ਵੀ ਫੰਡ ਨਾ ਹੋਵੇ ਕਿ ਉਹ ਪੰਜਾਬੀ ਦੇ ਪ੍ਰਚਾਰ ਲਈ ਇਤਨਾ ਵੀ ਪੈਸਾ ਨਾ ਖਰਚ ਸਕਦਾ ਹੋਵੇ।

ਸਾਡੀ ਹਰ ਸ਼ਹਿਰ ਵਿਚ ਬੈਠੇ ਸੂਝਵਾਨ ਗੁਰ-ਸਿੱਖਾਂ ਅੱਗੇ ਬੇਨਤੀ ਹੈ ਕਿ ਉਹ ਸਿੰਘ ਸਭਾਵਾਂ ਵੱਲੋਂ ਕੀਤੇ ਅਜਿਹੇ ਫੈਸਲਿਆਂ ਉਤੇ ਨਜ਼ਰਸਾਨੀ ਕਰਵਾ ਕੇ ਪੰਜਾਬੀ ਸਾਹਿਤ ਦੇ ਰਾਹੀਂ ਗੁਰਮਤ ਪ੍ਰਚਾਰ ਕਰਨ ਵੱਲ ਧਿਆਨ ਦੇਣ। ਸਾਹਿਤ ਨਾਲ ਲਗਾਉ ਤੋਂ ਬਿਨ੍ਹਾਂ ਕੌਮਾਂ ਜਾਗਰੂਕ ਨਹੀਂ ਹੁੰਦੀਆਂ।


ਡਾ. ਜਾਗੀਰ ਸਿੰਘ

ਆਨਰੇਰੀ ਸੰਪਾਦਕ

'ਅੰਮ੍ਰਿਤ ਕੀਰਤਨ'

422 ਸੈਕਟਰ 15 ਏ, ਚੰਡੀਗੜ੍ਹ

# ਗੁਰੂ ਕਾਵਿ ਦੀ ਕਾਵਿਕ ਤੇ ਸੰਗੀਤਕ ਪਿੱਠ-ਭੂਮੀ

ਡਾ. ਜਾਗੀਰ ਸਿੰਘ

(ਪਿਛਲੇ ਅੰਕ ਤੋਂ ਅੱਗੇ)

'ਵਾਰ ਸਤਾਂ' (ਸਪਤਵਾਰ ਜਾਂ ਸਤਵਾਰਾ) ਪੰਜਾਬੀ ਲੋਕ-ਕਾਵਿ ਦਾ ਇਕ ਪ੍ਰਚਲਿਤ ਕਾਵਿ-ਰੂਪ ਹੈ। ਇਕੱਲੇ ਇਕੱਲੇ ਵਾਰ ਨਾਲ ਚੰਗੀ ਮੰਦੀ ਭਾਵਨਾ ਨੂੰ ਪ੍ਰਗਟ ਕਰਦੇ ਇਕ ਸਤਵਾਰੇ ਦੀ ਵੰਨਗੀ ਡਾ. ਵਣਜਾਰਾ ਬੇਦੀ ਨੇ ਦਿੱਤੀ ਹੈ।[1] ਇਸ ਕਾਵਿ ਰੂਪ ਵਿਚ ਗੋਰਖ ਨਾਥ[2] ਨੇ ਵੀ ਰਚਨਾ ਕੀਤੀ ਹੈ ਅਤੇ ਭਗਤ ਕਬੀਰ[3] ਜੀ ਦਾ ਇਕ ਸਤਵਾਰਾ ਗੁਰੂ ਗਰੰਥ ਸਾਹਿਬ ਵਿਚ ਦਰਜ ਹੈ। ਗੁਰੂ ਅਮਰਦਾਸ ਜੀ ਨੇ ਭਗਤ ਕਬੀਰ ਵਾਂਗ ਆਪਣੇ ਰਚੇ ਸਤਵਾਰੇ ਨੂੰ ਵੀ ਰਾਗ ਗਉੜੀ ਅਧੀਨ ਦਰਜ ਕੀਤਾ ਹੈ।

ਰਾਮਕਲੀ ਰਾਗ ਵਿਚ ਗੁਰੂ ਅਮਰਦਾਸ ਜੀ ਨੇ 'ਅਨੰਦ' ਨਾਮਕ ਰਚਨਾ ਮੌਲਿਕ ਰੂਪ ਵਿਚ ਰਚੀ ਹੈ। ਇਸ ਦਾ ਰੂਪਕ ਪੱਖ ਛੰਤਾਂ ਨਾਲ ਮਿਲਦਾ ਜੁਲਦਾ ਹੈ। ਹਰ ਪਾਉੜੀ ਦੀ ਪਹਿਲੀ ਤੁਕ ਦਾ ਕੁਝ ਕੁ ਰੂਪਾਂਤਰਣ ਨਾਲ ਪਉੜੀ ਦੇ ਅਖੀਰ ਵਿਚ ਦੁਹਰਾਉ ਕੀਤਾ ਗਿਆ ਹੈ।

ਗੁਰੂ ਅਮਰਦਾਸ ਜੀ ਨੇ ਆਪਣੇ ਤੋਂ ਪਹਿਲੇ ਗੁਰੂ ਸਾਹਿਬਾਨ ਰਾਹੀਂ ਪ੍ਰਯੁਕਤ ਕਾਵਿ ਰੂਪਾਂ ਵਿਚੋਂ ਪਦੇ, ਅਸਟਪਦੀਆਂ, ਛੰਤ, ਸਲੋਕ ਪਹਰੇ ਅਤੇ ਵਾਰਾਂ ਦੀ ਰਚਨਾ ਕੀਤੀ। ਗੁਰੂ ਰਾਮਦਾਸ ਜੀ ਨੇ ਸਾਰੇ ਗੁਰੂ ਸਾਹਿਬਾਨ ਤੋਂ ਵਧੇਰੇ ਵਾਰਾਂ ਰਚੀਆਂ ਹਨ। ਗੁਰੂ ਗਰੰਥ ਸਾਹਿਬ ਵਿਚ ਕੁਲ 22 ਵਾਰਾਂ ਦਰਜ ਹਨ। ਇਹਨਾਂ ਵਿਚੋਂ ਇਕੱਲੇ ਗੁਰੂ ਰਾਮਦਾਸ ਜੀ ਨੇ ਅੱਠ ਵਾਰਾਂ ਰਚੀਆਂ ਹਨ। ਆਪ ਦੀਆਂ ਵਾਰਾਂ ਸਿਰੀ, ਗਉੜੀ, ਬਿਹਾਗੜਾ, ਵਡਹੰਸ, ਸੋਰਠਿ, ਬਿਲਾਵਲ, ਸਾਰੰਗ ਅਤੇ ਕਾਨੜਾ ਰਾਗਾਂ ਵਿਚ ਦਰਜ ਹਨ। ਇਹਨਾਂ ਵਿਚੋਂ ਰਾਗ ਵਡਹੰਸ ਅਤੇ ਰਾਗ ਸਾਰੰਗ ਦੀਆਂ ਵਾਰਾਂ ਵਿਸ਼ੇਸ਼ ਲੋਕ ਧੁਨੀਆਂ ਉਪਰ ਅਧਾਰਿਤ ਹਨ।

1. ਵਡਹੰਸ ਕੀ ਵਾਰ ਮਹਲਾ ੪

   ਲਲਾ ਬਹਿਲੀਮਾ ਕੀ ਧੁਨਿ।[4]

2. ਸਾਰੰਗ ਕੀ ਵਾਰ ਮਹਲਾ ੪

   ਰਾਇ ਮਹਮੇ ਹਸਨੇ ਕੀ ਧੁਨਿ।[5]

---

1. ਪੰਜਾਬੀ ਲੋਕ ਧਾਰਾ ਵਿਸ਼ਵਕੋਸ਼, ਪੰਨਾ 462
2. ਗਣਪਤੀ ਚੰਦਰ ਗੁਪਤ, ਹਿੰਦੀ ਸਾਹਿਤ੍ਯ ਕਾ ਵੈਗਿਆਨਿਕ ਇਤਿਹਾਸ, ਪੰਨਾ 180
3. ਆਦਿ ਗਰੰਥ, ਪੰਨਾ 344
4. ਆਦਿ ਗਰੰਥ, ਪੰਨਾ 585
5. ਆਦਿ ਗਰੰਥ, ਪੰਨਾ 1236

ਗੁਰੂ ਰਾਮ ਦਾਸ ਜੀ ਨੇ ਵਣਜਾਰਾ, ਕਰਹਲੇ ਅਤੇ ਘੋੜੀਆਂ ਆਪਣੇ ਤੋਂ ਪਹਿਲੇ ਗੁਰੂ ਸਾਹਿਬਾਨ ਰਾਹੀਂ ਪ੍ਰਯੁਕਤ ਕਾਵਿ-ਰੂਪਾਂ ਤੋਂ ਨਿਵੇਕਲੇ ਕਾਵਿ ਰੂਪ ਪ੍ਰਯੋਗ ਕੀਤੇ ਹਨ।

ਵਣਜਾਰਾ ਕਾਵਿ ਦੀ ਰਚਨਾ ਵਿਚ 'ਵਣਜਾਰਿਆ ਮਿਤਰਾ' ਸ਼ਬਦ ਦਾ ਪ੍ਰਯੋਗ 'ਪਹਰਿਆ' ਵਾਂਗ ਹੀ ਹੋਇਆ ਹੈ।

ਕਰਹਲੇ ਕਾਵਿ ਰੂਪ ਬਾਰੇ ਸੰਤ ਸਿੰਘ ਸੇਖੋਂ ਲਿਖਦੇ ਹਨ ਕਿ ਕਰਹਲਾ ਸ਼ਬਦ ਸ਼ਾਇਦ ਸਿੰਧੀ 'ਕਰਹਾ' ਅਰਥਾਤ 'ਊਠ' ਦਾ ਰੁਪਾਂਤਰ ਹੈ ਜਾਂ ਉਸ ਤੋਂ ਬਣਿਆ ਹੈ। ਇਸ ਦੇ ਅਰਥ ਊਠ ਜਾਂ ਊਠਾਂ ਵਾਲੇ ਅਤੇ ਕਾਫ਼ਲੇ ਦੇ ਅੱਗੇ ਗਾਏ ਜਾਣ ਵਾਲੇ ਗੀਤ ਹੋ ਸਕਦੇ ਹਨ।[1] ਸ਼ਬਦਾਰਥ ਵਿਚ 'ਕਰਹਲੇ' ਬਾਰੇ ਲਿਖਿਆ ਹੈ ਕਿ ਊਠਾਂ ਵਾਲੇ ਊਠਾਂ ਤੇ ਮਾਲ ਲੱਦ ਕੇ ਦੇਸ਼ ਦੇਸ਼ਾਂਤਰਾਂ ਵਿਚ ਘੁੰਮਦੇ ਫਿਰਦੇ ਹਨ ਅਤੇ ਇਕ ਖਾਸ ਸੁਰ ਵਾਲਾ ਗੀਤ ਗਾਉਂਦੇ ਹਨ। ਇਹ ਸ਼ਬਦ ਉਸੇ ਲੋਕ ਗੀਤ ਦੀ ਪੱਧਤੀ ਤੋਂ ਪ੍ਰਭਾਵਿਤ ਹੈ।[2] ਕੁਝ ਵੀ ਹੋਵੇ ਗੁਰੂ ਰਾਮਦਾਸ ਜੀ ਦੀ ਇਹ ਰਚਨਾ ਨਿਵੇਕਲੀ ਹੈ।

ਗੁਰੂ ਰਾਮਦਾਸ ਜੀ ਨੇ ਘੋੜੀਆਂ ਕਾਵਿ ਰੂਪ ਦਾ ਪ੍ਰਯੋਗ ਕਰਕੇ ਪੰਜਾਬੀ ਦੇ ਪ੍ਰਸਿੱਧ ਲੋਕ ਕਾਵਿ ਰੂਪ ਨੂੰ ਅਪਨਾਇਆ ਹੈ। ਇਹ ਕਾਵਿ ਰੂਪ ਹੋਰ ਕਿਸੇ ਵੀ ਗੁਰੂ ਕਵੀ ਨੇ ਪ੍ਰਯੋਗ ਨਹੀਂ ਕੀਤਾ।

ਪੰਜਾਬ ਵਿਚ ਲਾੜੇ ਦੇ ਘੋੜੀ ਚੜ੍ਹਨ ਸਮੇਂ ਇਹ ਗੀਤ ਗਾਇਆ ਜਾਂਦਾ ਹੈ। ਇਸ ਗੀਤ ਦੀ ਧਾਰਨਾ ਤੇ ਗੁਰੂ ਰਾਮਦਾਸ ਜੀ ਨੇ ਦੋ ਸ਼ਬਦਾਂ ਦੀ ਰਚਨਾ ਕੀਤੀ ਹੈ।[3]

ਗੁਰੂ ਅਰਜਨ ਦੇਵ ਜੀ ਨੇ ਪਦੇ, ਅਸਟਪਦੀਆਂ, ਛੰਤ, ਸਲੋਕ, ਪਹਿਰੇ, ਸੋਹਿਲੇ ਅਤੇ ਵਾਰਾਂ ਪਹਿਲੇ ਗੁਰੂ ਕਵੀਆਂ ਰਾਹੀਂ ਪ੍ਰਯੋਗ ਕੀਤੇ ਕਾਵਿ ਰੂਪਾਂ ਵਿਚ ਬਾਣੀ ਰਚੀ। ਗਉੜੀ, ਗੁਜਰੀ, ਜੈਤਸਿਰੀ, ਰਾਮਕਲੀ, ਮਾਰੂ ਅਤੇ ਬਸੰਤ ਰਾਗਾਂ ਵਿਚ ਰਚੀਆਂ ਵਾਰਾਂ ਵਿਚੋਂ ਰਾਗ ਗਉੜੀ ਦੀ ਵਾਰ ਨਿਵੇਕਲੀ ਧੁਨੀ ਵਾਲੀ ਹੈ। ਇਸ ਵਾਰ ਨੂੰ ਰਾਇ ਕਮਾਲ ਦੀ ਮੌਜੂ ਦੀ ਕੀ ਵਾਰ ਕੀ ਧੁਨੀ[4]। ਉਪਰ ਗਾਉਣ ਦਾ ਆਦੇਸ਼ ਹੈ।

ਗੁਰੂ ਅਰਜਨ ਦੇਵ ਜੀ ਨੇ ਦੇਵਨਾਗਰੀ ਵਰਣਮਾਲਾ ਤੇ ਅਧਾਰਤ 'ਬਾਵਨ ਅਖਰੀ[5] ਕਾਵਿ ਰੂਪ ਦੀ ਰਚਨਾ ਕੀਤੀ ਹੈ। ਇਹ ਕਾਵਿ ਰੂਪ ਭਗਤ ਕਬੀਰ[6] ਜੀ ਨੇ ਵੀ ਪ੍ਰਯੋਗ ਕੀਤਾ ਹੈ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਗੁਰਮੁਖੀ ਵਰਣਮਾਲਾ ਤੇ ਆਧਾਰਤ ਪੱਟੀ ਅਤੇ ਓਅੰਕਾਰ ਦੀ ਰਚਨਾ ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਕਰ ਚੁੱਕੇ ਸਨ।

---

1. ਸੰਤ ਸਿੰਘ ਸੇਖੋਂ, ਪੰਜਾਬੀ ਕਾਵਿ ਸ਼ਿਰੋਮਣੀ ਪੰਨਾ 197
2. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 234
3. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 575
4. ਆਦਿ ਗ੍ਰੰਥ, ਪੰਨਾ 318
5. ਆਦਿ ਗ੍ਰੰਥ, ਪੰਨਾ 250
6. ਆਦਿ ਗ੍ਰੰਥ, ਪੰਨਾ 340

ਗੁਰੂ ਅਰਜਨ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਰਾਹੀਂ ਪ੍ਰਯੁਕਤ ਕਾਵਿ ਰੂਪ 'ਥਿਤੀ' ਵਿਚ ਵੀ ਕਾਵਿ ਰਚਨਾ ਕੀਤੀ ਹੈ। ਜਿਥੇ ਗੁਰੂ ਨਾਨਕ ਦੇਵ ਜੀ ਨੇ ਇਸ ਕਾਵਿ ਰੂਪ ਨੂੰ ਬਿਲਾਵਲ ਰਾਗ ਵਿਚ ਰਚਿਆ ਹੈ ਉਥੇ ਗੁਰੂ ਅਰਜਨ ਦੇਵ ਜੀ ਨੇ ਇਸ ਕਾਵਿ ਰੂਪ ਲਈ ਗਉੜੀ ਰਾਗ[1] ਉਪਯੁਕਤ ਸਮਝਿਆ ਹੈ। ਭਗਤ ਕਬੀਰ ਜੀ ਨੇ ਵੀ 'ਥਿਤੀ' ਗਉੜੀ ਰਾਗ ਵਿਚ ਹੀ ਰੱਖੀ ਹੈ।[2]

ਗੁਰੂ ਅਰਜਨ ਦੇਵ ਜੀ ਨੇ ਬਾਰਹਮਾਹ ਅਤੇ ਰੁਤੀ ਦਾ ਪ੍ਰਯੋਗ ਵੀ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੇ ਤੁਖਾਰੀ ਰਾਗ ਵਿਚ ਬਾਰਹਮਾਹ ਰਚਿਆ ਹੈ। ਪਰ ਗੁਰੂ ਅਰਜਨ ਦੇਵ ਜੀ ਨੇ ਆਪਣੇ ਬਾਰਹਮਾਹ ਲਈ ਮਾਝ ਰਾਗ ਦਾ ਪ੍ਰਯੋਗ ਕੀਤਾ ਹੈ।

ਰੁਤੀ ਕਾਵਿ ਰੂਪ ਭਾਰਤੀ ਕਾਵਿ ਵਿਚ ਪੁਰਾਤਨ ਕਾਲ ਤੋਂ ਹੀ ਪ੍ਰਚਲਤ ਰਿਹਾ ਹੈ। ਸੰਸਕ੍ਰਿਤ ਵਿਚ ਇਹ 'ਸ਼ਟ ਰੁਤ' ਦੇ ਨਾਮ ਨਾਲ ਪ੍ਰਚਲਤ ਰਿਹਾ ਹੈ।[3] ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਦੇ ਹਿੰਦੀ ਦੇ ਪ੍ਰਸਿੱਧ ਸੂਫੀ ਕਵੀ ਮਲਿਕ ਮੁਹੰਮਦ ਜਾਇਸੀ ਨੇ ਵੀ ਇਸ ਕਾਵਿ ਰੂਪ ਦਾ ਪ੍ਰਯੋਗ ਕੀਤਾ ਹੈ।[4]

ਗੁਰੂ ਨਾਨਕ ਦੇਵ ਜੀ ਰਾਹੀਂ ਪ੍ਰਯੋਗ ਕੀਤੇ ਕਾਵਿ ਰੂਪਾਂ ਸੁਚੱਜੀ ਅਤੇ ਕੁਚੱਜੀ ਦੀ ਸ਼ੈਲੀ ਵਿਚ ਹੀ ਗੁਰੂ ਅਰਜਨ ਦੇਵ ਜੀ ਨੇ ਗੁਣਵੰਤੀ ਕਾਵਿ ਰੂਪ ਦੀ ਰਚਨਾ ਕੀਤੀ ਹੈ। ਗੁਰੂ ਅਰਜਨ ਦੇਵ ਜੀ ਨੇ ਬਾਕੀ ਗੁਰੂ ਸਾਹਿਬਾਨ ਤੋਂ ਜਿਹੜੇ ਨਿਵੇਕਲੇ ਕਾਵਿ ਰੂਪ ਅਪਨਾਏ ਹਨ ਉਹਨਾਂ ਦੇ ਨਾਂ ਇਸ ਪ੍ਰਕਾਰ ਹਨ ਦਿਨ ਰੈਣ, ਬਿਰਹੜੇ, ਅੰਜਲੀਆਂ ਗਾਥਾ, ਫੁਨਹੇ, ਚਉਬੋਲੇ, ਮੁੰਦਾਵਣੀ ਅਤੇ ਸੁਖਮਨੀ।

ਦਿਨ ਰੈਣ ਕਾਵਿ ਰੂਪ ਵਿਚ ਦਿਨ ਅਤੇ ਰਾਤ ਨੂੰ ਕੀਤੇ ਜਾਣ ਵਾਲੇ ਸ਼ੁਭ ਕਾਰਜਾਂ ਦਾ ਵਰਣਨ ਹੈ।

ਬਿਰਹੜੇ ਬਿਰਹਾ ਦੇ ਗੀਤ ਹਨ। ਅੰਜਲੀਆਂ ਬਾਰੇ ਕਾਹਨ ਸਿੰਘ ਨਾਭਾ ਲਿਖਦੇ ਹਨ, ਦਾਹ ਪਿੱਛੋਂ ਪ੍ਰੇਤ ਨੂੰ (ਤਿਲ ਆਦਿਕ ਪਦਾਰਥਾਂ ਨਾਲ ਮਿਲੀ ਹੋਈ ਪਾਣੀ ਦੀ ਚੂਲੀ) ਤਿਲਾਂਜਲੀ ਦਿੱਤੀ ਜਾਂਦੀ ਹੈ।[5] ਗੁਰੂ ਅਰਜਨ ਦੇਵ ਜੀ ਦੀ ਕਾਵਿ ਰਚਨਾ ਅੰਜਲੀਆਂ ਇਸੇ ਲੋਕ ਰੀਤੀ ਨਾਲ ਸੰਬੰਧਤ ਹੈ।

ਗਾਥਾ ਲੋਕ ਸਾਹਿਤ ਦਾ ਇਕ ਕਾਵਿ ਰੂਪ ਹੈ। ਹਿੰਦੀ ਸਾਹਿਤ ਕੋਸ਼ ਵਿਚ ਗਾਥਾ ਦੀ ਪਰਿਭਾਸ਼ਾ ਦਸਦਿਆਂ ਲਿਖਿਆ ਹੈ, 'ਗਾਥਾ ਲੋਕ ਗੀਤ ਦੀ ਉਹ ਵੰਨਗੀ ਹੈ ਜਿਸ ਵਿਚ ਗਾਉਣ ਦੇ ਨਾਲ ਨਾਲ ਕਥਾਨਕ ਦੀ ਪ੍ਰਧਾਨਤਾ ਰਹਿੰਦੀ ਹੈ।' ਸਭ ਤੋਂ ਪਹਿਲਾਂ ਗਾਥਾ ਸ਼ਬਦ ਦਾ ਪ੍ਰਯੋਗ ਰਿਗ ਵੇਦ ਵਿਚ ਹੋਇਆ ਹੈ।[6]

---

1. ਆਦਿ ਗ੍ਰੰਥ, ਪੰਨਾ 296
2. ਆਦਿ ਗ੍ਰੰਥ, ਪੰਨਾ 243
3. ਰਵਿੰਦਰ ਕੁਮਾਰ ਭਰਮਰ, ਹਿੰਦੀ ਭਗਤੀ ਸਾਹਿਤਯਮੇਂ ਲੋਕ ਤੱਤਵ, ਪੰਨਾ 149
4. ਪਦਮਾਵਤ, ਪੰਨਾ 98
5. ਗੁਰਮਤ ਪ੍ਰਭਾਕਰ (1922) ਪੰਨਾ 365।
6. ਹਿੰਦੀ ਸਾਹਿਤ ਕੋਸ਼, ਪੰਨਾ 258।

ਗੁਰੂ ਅਰਜਨ ਦੇਵ ਜੀ ਰਾਹੀਂ ਪ੍ਰਯੋਗ ਕੀਤੇ ਗਾਥਾ ਕਾਵਿ ਰੂਪ ਵਿਚ ਹਰੀ ਦੇ ਜਸ ਦੀ ਕਥਾ ਕਾਵਿ ਬੰਦ-ਕੀਤੀ ਗਈ ਹੈ ।

'ਫੁਨਹੇ' ਲੋਕ ਕਾਵਿ ਵਿਚ ਪ੍ਰਚਲਤ ਮੰਗਲ ਗੀਤ ਹੁੰਦੇ ਹਨ, ਜੋ ਬੱਚੇ ਦੇ ਜਨਮ ਸਮੇਂ ਤੇ ਵਿਆਹ ਵੇਲੇ ਦੁਲਹਨ ਦੇ ਹਾਰ ਸ਼ਿੰਗਾਰ ਕਰ ਲੈਣ ਪਿੱਛੋਂ ਗਾਏ ਜਾਂਦੇ ਹਨ ।[1] ਗੁਰੂ ਅਰਜਨ ਦੇਵ ਜੀ ਨੇ ਇਸ ਕਾਵਿ ਰੂਪ ਦਾ ਪ੍ਰਯੋਗ ਸਫਲਤਾ ਨਾਲ ਕੀਤਾ ਹੈ ।

ਚਉਬੋਲੇ ਕਾਵਿ ਰੂਪ ਗੁਰੂ ਕਾਲ ਵਿਚ ਪ੍ਰਚਲਤ ਸੀ [2] ਮੁੰਦਾਵਣੀ ਕਾਵਿ ਰੂਪ ਨੂੰ ਸ਼ਬਦਾਰਥ ਵਿਚ 'ਪਹੇਲੀ' ਜਾਂ ਬੁਝਾਰਤ ਕਿਹਾ ਹੈ ।[3] ਕਾਹਨ ਸਿੰਘ ਨਾਭਾ ਮੁੰਦਾਵਣੀ ਦਾ ਅਰਥ 'ਮੁਹਰ' ਕਰਦੇ ਹਨ ।[4] ਪਰ ਡਾ. ਵਣਜਾਰਾ ਬੇਦੀ ਮੁੰਦਾਵਣੀ ਬਾਰੇ ਲਿਖਦੇ ਹਨ, ਮੁੰਦਾਵਣੀ' ਇਕ ਰੀਤ ਹੈ ਜੋ ਧਨੀ ਪੋਠੋਹਾਰ ਵਿਚ ਜੰਞ ਦੇ ਰੋਟੀ ਖਾਣ ਸਮੇਂ ਥਾਲੀ ਬੰਨ੍ਹ ਕੇ ਕੀਤੀ ਜਾਂਦੀ ਸੀ । ਇਹ ਰੀਤ ਕੇਂਦਰੀ ਪੰਜਾਬ ਦੀ ਜੰਦ ਬੰਨ੍ਹਣ ਦੀ ਰੀਤ ਨਾਲ ਮੇਲ ਖਾਂਦੀ ਹੈ । ਇਸ ਰੀਤ ਸਮੇਂ ਜੋ ਗੀਤ ਗਾਏ ਜਾਂਦੇ ਤੇ ਬੁਝਾਰਤਾਂ ਪਾਈਆਂ ਜਾਂਦੀਆਂ ਹਨ, ਉਹ ਪੋਠੋਹਾਰ ਵਿਚ 'ਮੁੰਦਾਵਣੀ' ਅਖਵਾਉਂਦੀਆਂ ਹਨ । ਇਹਨਾਂ ਗੀਤਾਂ ਵਿਚ ਥਾਲੀ ਤੇ ਉਸ ਵਿਚ ਪਾਈਆਂ ਵਸਤਾਂ ਦਾ ਜ਼ਿਕਰ ਲਾਜ਼ਮੀ ਹੈ ।[5] ਗੁਰੂ ਅਰਜਨ ਦੇਵ ਜੀ ਨੇ ਮੁੰਦਾਵਣੀ ਕਾਵਿ ਰੂਪ ਵਿਚ ਇਹ ਸ਼ੈਲੀ ਹੀ ਅਪਨਾਈ ਹੈ ।

ਗੁਰੂ ਅਰਜਨ ਦੇਵ ਜੀ ਦੀ ਸਭ ਤੋਂ ਪ੍ਰਸਿੱਧ ਅਤੇ ਵਿਲੱਖਣ ਬਾਣੀ ਸੁਖਮਨੀ ਹੈ । ਡਾ. ਮੋਹਨ ਸਿੰਘ ਦੀਵਾਨਾ ਅਨੁਸਾਰ ਇਹ ਮੱਧਕਾਲੀਨ ਭਾਰਤਵਰਸ਼ ਦੀ ਸਭ-ਤੋਂ ਲੰਮੀ ਅਧਿਆਤਮਕ ਰਚਨਾ ਹੈ ।[6] ਡਾ. ਵਣਜਾਰਾ ਬੇਦੀ ਅਨੁਸਾਰ ਇਸ ਬਾਣੀ ਦਾ ਨਾਮ ਜੋਗੀਆਂ ਵਿਚ ਪ੍ਰਚੱਲਤ ਸੁਖਮਨਾ ਰੀਤੀ ਤੇ ਅਧਾਰਤ ਹੈ ।[7] ਇਸ ਬਾਣੀ ਦੀਆਂ 24 ਅਸ਼ਟਪਦੀਆਂ ਹਨ । ਹਰ ਅਸਟਪਦੀ ਵਿਚ ਅੱਠ-ਅੱਠ ਪਉੜੀਆਂ ਹਨ ਅਤੇ ਹਰ ਪਉੜੀ ਦੀਆਂ ਦਸ-ਦਸ ਤੁਕਾਂ ਹਨ । ਇਸ ਤਰ੍ਹਾਂ ਇਹ ਕਾਵਿ ਰਚਨਾ ਵਿਸ਼ੇ ਵਿਸਥਾਰ ਅਤੇ ਰੂਪ ਪੱਖੋਂ ਵਿਲੱਖਣਤਾ ਰੱਖਦੀ ਹੈ ।

ਗੁਰੂ ਤੇਗ ਬਹਾਦਰ ਜੀ ਨੇ ਕੇਵਲ ਪਦਿਆਂ ਅਤੇ ਸਲੋਕਾਂ ਵਿਚ ਹੀ ਕਾਵਿ ਰਚਨਾ ਕੀਤੀ ਹੈ । ਇਸ ਤਰ੍ਹਾਂ ਉਪਰਲੇ ਅਧਿਐਨ ਤੋਂ ਇਹ ਪਤਾ ਲੱਗਦਾ ਹੈ ਕਿ ਗੁਰੂ ਕਵੀਆਂ ਨੇ

---

1. ਵਣਜਾਰਾ ਬੇਦੀ, ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਪੰਨਾ 240
2. ਵਣਜਾਰਾ ਬੇਦੀ, ਪੰਜਾਬੀ ਲੋਕ ਧਾਰਾ ਵਿਸ਼ਵ-ਕੋਸ਼, ਪੰਨਾ 240
3. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1429
4. ਮਹਾਨ ਕੋਸ਼, ਪੰਨਾ 986
5. ਵਣਜਾਰਾ ਬੇਦੀ, ਪੰਜਾਬੀ ਲੋਕ-ਧਾਰਾ ਵਿਸ਼ਵ ਕੋਸ਼, ਪੰਨਾ 240
6. ਪੰਜਾਬੀ ਸਾਹਿਤ ਦਾ ਇਤਿਹਾਸ, (ਭਾਸ਼ਾ ਵਿਭਾਗ ਪੰਜਾਬ) ਪੰਨਾ 254
7. ਪੰਜਾਬੀ ਲੋਕ-ਧਾਰਾ ਵਿਸ਼ਵ-ਕੋਸ਼, ਪੰਨਾ 240

ਪੁਰਾਤਨ ਕਾਵਿ ਰੂਪਾ ਨੂੰ ਵੀ ਨਿਵੇਕਲੀ ਸ਼ੈਲੀ ਵਿਚ ਅਪਣਾਇਆ ਹੈ। ਬਾਵਨ ਅਖਰੀ ਪਟੀ, ਸਲੋਕ, ਥਿਤੀ, ਬਾਰਹਮਾਹ, ਰੁਤੀ, ਪਦੇ, ਅਸ਼ਟਪਦੀਆਂ ਆਦਿ ਪੁਰਾਤਨ ਕਾਵਿ ਰੂਪ ਹਨ ਪਰ ਇਹਨਾਂ ਨੂੰ ਵਿਸ਼ੇਸ਼ ਰਾਗਾਂ ਤੇ ਗਾਉਣ ਦੇ ਆਦੇਸ਼ ਦੇ ਕੇ ਇਹਨਾਂ ਕਾਵਿ ਰੂਪਾਂ ਦਾ ਨਵੀਨੀਕਰਣ ਕਰ ਦਿੱਤਾ ਗਿਆ ਹੈ।

ਇਸੇ ਤਰ੍ਹਾਂ ਗੁਰੂ ਸਾਹਿਬਾਨ ਨੇ ਲੋਕ-ਕਾਵਿ ਰੂਪਾਂ ਦਾ ਬਹੁਤ ਪ੍ਰਯੋਗ ਕੀਤਾ ਹੈ, ਪਰ ਵਸ਼ੇਸ਼ ਰਾਂਗਾਂ ਅਨੁਸਾਰ ਗਾਉਣ ਨਾਲ ਇਹ ਕਾਵਿ-ਰੂਪ ਵਿਲੱਖਣ ਹੋ ਨਿਬੜੇ ਹਨ।

(ਚਲਦਾ)

# ਮਹਾਨ ਕੀਰਤਨੀਏ ਭਾਈ ਦਿਦਾਰ ਸਿੰਘ

ਹਰਜਾਪ ਸਿੰਘ

ਲੱਗ ਪੱਗ ਤਿੰਨ ਮਹੀਨੇ ਹੀ ਬੀਤ ਚੁੱਕੇ ਹਨ ਭਾਈ ਦਿਦਾਰ ਸਿੰਘ ਹੋਰਾਂ ਨੂੰ ਸਵਰਗਵਾਸ ਹੋਇਆਂ। ਭਾਈ ਸਾਹਿਬ ਦੀ ਆਯੂ 55 ਤੋਂ 60 ਸਾਲ ਦੇ ਦਰ-ਮਿਆਨ ਸੀ। ਇਹ ਲੇਖਕ ਜਿੰਨਾ ਸਮਾਂ ਭਾਰਤ ਰਿਹਾ ਉਸ ਸਮੇਂ ਭਾਈ ਸਾਹਿਬ ਨਾਲ ਕੋਈ ਸੰਬੰਧ ਨਹੀਂ ਪੈਦਾ ਕਰ ਸਕਿਆ। ਇਸ ਨੂੰ ਮੰਦੇ ਭਾਗਾਂ ਦੀ ਅਲਾਮਤ ਸਮਝੋ ਜਾਂ ਮਹਿਜ਼ ਇੱਤਫ਼ਾਕ ਦੀ ਗੱਲ।

ਅਮਰੀਕਾ ਆ ਕੇ ਕਿਸੇ ਕੀਰਤਨ ਪ੍ਰੇਮੀ ਦੇ ਘਰ ਭਾਈ ਸਾਹਿਬ ਦੇ ਜਥੇ ਦੀਆਂ ਆਵਾਜ਼ਾਂ ਵਿਚ ਕੀਰਤਨ ਦੀਆਂ ਦੋ ਕੈਸਟਸ ਸੁਣੀਆਂ। ਇਹ ਸਤਨਾਮ ਕੀਰਤਨ ਟਰੱਸਟ ਵੈਨਕੂਵਰ ਬ੍ਰਿਟਿਸ਼ ਕੋਲੰਬੀਆ, ਕੈਨੇਡਾ ਦਵਾਰਾ ਰਿਕਾਰਡ ਕੀਤੀਆਂ ਗਈਆਂ ਸਨ। ਭਾਈ ਸਾਹਿਬ ਦੀ ਆਵਾਜ਼ ਬਹੁਤ ਪੁਰ ਅਸਰ ਸੀ। ਭਾਈ ਸਾਹਿਬ ਕੀਰਤਨ ਸ਼ੁੱਧ ਕਲਾਸੀਕੀ ਜਾਂ ਨੀਮ ਕਲਾਸੀਕੀ ਅੰਦਾਜ਼ ਵਿਚ ਕਰਦੇ ਸਨ। ਸੁਰ ਅਤੇ ਤਾਲ ਦੋਹਾਂ ਦੇ ਬਾਦਸ਼ਾਹ ਸਨ।

ਗੁਰਦਵਾਰੇ ਦੀ ਸੇਵਾ ਨਾਲ ਸੰਬੰਧਤ ਹੋਣ ਕਾਰਨ ਏਨਾਂ ਕੁ ਕਰਨ ਵਿਚ ਸਮਰੱਥ ਸਾਂ ਕਿ ਕੀਰਤਨ ਕਲਾ ਵਿਚ ਨਿਪੁੰਨ ਕੀਰਤਨੀਆਂ ਦੀ ਅਮਰੀਕਾ ਬੁਲਾ ਕੇ ਸੇਵਾ ਕਰ ਸਕਾਂ। ਪਹਿਲੀ ਵਾਰੀ 1983 ਵਿਚ ਭਾਈ ਸਾਹਿਬ ਦਵਾਰਾ ਪ੍ਰਸਤੁੱਤ ਕੀਰਤਨ ਕੈਸਟ ਤੇ ਸੁਣਿਆਂ, ਉਸ ਵਕਤ ਤੋਂ ਹੀ ਭਾਈ ਸਾਹਿਬ ਦੀ ਸੇਵਾ ਕਰਨ ਦੀ ਚਾਹ ਮਨ ਵਿਚ ਵਲਵਲੇ ਲੈਣ ਲੱਗੀ।

1984 ਵਿਚ ਸਰਦਾਰ ਪਰਗਟ ਸਿੰਘ, ਜੋ ਅੱਜ ਕਲ੍ਹ ਅਮਰੀਕਾ ਦੇ ਸਭ ਤੋਂ ਵੱਡੇ ਗੁਰਦੁਆਰੇ ਰਿੱਚਮੰਡ ਹਿੱਲ ਨਿਊਯਾਰਕ ਦੇ ਜਨਰਲ ਸਕੱਤਰ ਹਨ, ਨਾਲ ਭਾਈ ਸਾਹਿਬ ਦੇ ਸੰਬੰਧ ਵਿਚ ਵਿਚਾਰਾਂ ਕੀਤੀਆਂ। ਸਰਦਾਰ ਪਰਗਟ ਸਿੰਘ ਖ਼ੁਦ ਇਕ ਕਲਾਵਾਨ ਕੀਰਤਨੀਏ ਹਨ। ਉਨ੍ਹਾਂ ਨੇ ਫ਼ੁਰਮਾਇਆ ਕਿ ਭਾਈ ਸਾਹਿਬ ਸਹੀ ਅਰਥਾਂ ਵਿਚ ਇਕ ਉਚ ਕੋਟੀ ਦੇ ਕੀਰਤਨੀਏ ਹਨ। ਫੇਰ ਵਿਉਂਤ ਬਣਾਈ ਗਈ ਕਿ ਭਾਈ ਸਾਹਿਬ ਨੂੰ ਅਮਰੀਕਾ ਬੁਲਾਇਆ ਜਾਵੇ।

ਉਨ੍ਹਾਂ ਦਿਨਾਂ ਵਿਚ ਗੁਰਦਵਾਰਾ ਰਿੱਚਮੰਡ ਹਿੱਲ ਦੀ ਕਾਰਜਕਾਰਨੀ ਦੇ ਮੀਤ ਪ੍ਰਧਾਨ ਸਰਦਾਰ ਰਬਿੰਦਰ ਸਿੰਘ ਭਮਰਾ ਸਨ। ਭਮਰਾ ਸਾਹਿਬ ਨੇ ਦੱਸਿਆ ਕਿ ਇਕ ਵਾਰੀ ਪਹਿਲਾਂ ਭੀ ਭਾਈ ਸਾਹਿਬ ਅਮਰੀਕਾ ਬੁਲਾਏ ਗਏ ਸਨ ਲੇਕਿਨ ਉਸ ਦੌਰੇ ਸਮੇਂ ਉਨ੍ਹਾਂ ਦੀ ਅਸੀਂ ਸ਼ਰਧਾ ਮੁਤਾਬਕ ਸੇਵਾ ਨਹੀਂ ਕਰ ਸਕੇ। ਗੁਰਦਵਾਰਾ ਰਿੱਚਮੰਡ ਹਿੱਲ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਗਿਆਨੀ ਗੁਰਦੀਪ ਸਿੰਘ ਜੀ ਨੇ ਸੁਝਾਉ ਦਿੱਤਾ ਕਿ ਏਡੇ ਸਤਿਕਾਰਯੋਗ ਕੀਰਤਨੀਏ ਨੂੰ ਜੇਕਰ ਬੁਲਾਉਂਣਾ ਹੈ ਤਾਂ ਟਿਕਟਾਂ ਭੀ ਭੇਜੀਏ। ਰਾਹਦਾਰੀ ਸਰਦਾਰ ਮਨੋਹਰ

ਸਿੰਘ ਸਾਹਨੀ, ਜੋ ਉਨ੍ਹਾਂ ਦਿਨਾਂ ਵਿਚ ਗੁਰਦਵਾਰਾ ਰਿੱਚਮੰਡ ਹਿੱਲ ਦੇ ਜਨਰਲ ਸਕੱਤਰ ਸਨ, ਨੇ ਭੇਜੀ। ਹਵਾਈ ਟਿਕਟਾਂ ਦੀ ਸੇਵਾ ਅਸੀਂ ਕੁਝ ਕੀਰਤਨ ਪ੍ਰੇਮੀਆਂ ਨੇ ਕੀਤੀ।

ਅਕਤੂਬਰ 1984 ਨੂੰ ਭਾਈ ਸਾਹਿਬ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪ੍ਰਕਾਸ਼ ਗੁਰਪੁਰਬ ਦੇ ਮੌਕੇ ਤੇ ਸਾਡੇ ਕੋਲ ਤਸ਼ਰੀਫ ਲਿਆਏ। ਭਾਈ ਸਾਹਿਬ ਦੇ ਜਥੇ ਵਿਚ ਭਾਈ ਅਜੀਤ ਸਿੰਘ ਪ੍ਰਚਾਰਕ, ਭਾਈ ਸਰਬਜੀਤ ਸਿੰਘ ਹਰਮੋਨੀਅਮ ਤੇ ਸਾਥੀ ਅਤੇ ਭਾਈ ਸੁਖਦੇਵ ਸਿੰਘ ਤਬਲੇ ਤੇ ਸਾਥੀ ਸਨ। ਕੀਰਤਨ ਦੇ ਸਵਰ ਸਾਰੇ ਮਿਲਕੇ ਹੀ ਲਗਾਉਂਦੇ ਸਨ। ਸਰਬਜੀਤ ਸਿੰਘ ਨਾਲ ਹੀ ਅਲਾਪ ਭੀ ਲੈਂਦਾ ਸੀ।

ਅਮਰੀਕਾ ਵਿਚ ਗੁਰਪੁਰਬ ਐਤਵਾਰ ਨੂੰ ਮਨਾਏ ਜਾਂਦੇ ਹਨ। ਆਮ ਤੌਰ ਤੇ ਗੁਰਪੁਰਬ ਦੀ ਅਸਲ ਤਿਥੀ ਤੋਂ ਬਾਦ ਵਾਲੇ ਐਤਵਾਰ ਨੂੰ ਮੁੱਖ ਸਮਾਰੋਹ ਹੁੰਦਾ ਹੈ। ਗੁਰਦਵਾਰਾ ਬ੍ਰਿੱਜਵਾਟਰ ਨਿਊਜਰਸੀ ਵਿਖੇ ਅਸੀਂ ਸ਼ੁੱਕਰਵਾਰ ਸ਼ਾਮ ਨੂੰ ਇਕ ਵਿਸ਼ੇਸ਼ ਕੀਰਤਨ ਦਰਬਾਰ ਆਯੋਜਿਤ ਕੀਤਾ। ਇਸ ਵਿਚ 5 ਜਥੇ ਆਮੰਤ੍ਰਿਤ ਕੀਤੇ ਗਏ। ਭਾਈ ਦਿਦਾਰ ਸਿੰਘ ਹੋਰਾਂ ਦੇ ਜਥੇ ਦੀ ਵਾਰੀ ਰਾਤ ਨੂੰ 10 ਤੋਂ 11 ਵਜੇ ਤਾਈਂ ਰੱਖੀ ਗਈ। ਸਰਦਾਰ ਪ੍ਰਗਟ ਸਿੰਘ ਅਤੇ ਉਨ੍ਹਾਂ ਦੇ ਸੰਬੰਧੀ ਸਰਦਾਰ ਰਣਧੀਰ ਸਿੰਘ ਦੋ ਤਾਨਪੁਰੇ ਲੈ ਕੇ ਭਾਈ ਸਾਹਿਬ ਦੇ ਨਾਲ ਬੈਠੇ। ਮਾਹੌਲ ਏਨਾਂ ਸੁੰਦਰ ਬੱਝਿਆ ਕਿ ਬਿਆਨ ਨਹੀਂ ਕੀਤਾ ਜਾ ਸਕਦਾ! ਭਾਈ ਸਾਹਿਬ ਨੇ ਜਦੋਂ ਪਹਿਲੀਆਂ ਸੁਰਾਂ ਲਗਾਈਆਂ ਤਾਂ ਸੰਗਤ ਗਦ ਗਦ ਕਰ ਉੱਠੀ। ਭਾਈ ਸਾਹਿਬ ਨੇ ਪਹਿਲਾ ਸ਼ਬਦ ਖਿਆਲੀ ਢੰਗ ਨਾਲ ਅਲਾਪ, ਵਿਲੰਬਤ ਅਤੇ ਧਰੁੱਤ ਲੈਆਂ ਵਿਚ ਇਕੋ ਹੀ ਤਾਲ ਵਿਚ ਪੇਸ਼ ਕੀਤਾ। ਫੇਰ ਦੋ ਸ਼ਬਦ ਗੁਲਦਸਤਿਆਂ ਦੀ ਸ਼ਕਲ ਵਿਚ ਪੇਸ਼ ਕੀਤੇ ਅਤੇ ਇਕ ਹੋਰ ਸ਼ਬਦ ਨੀਮ ਕਲਾਸੀਕੀ ਢੰਗ ਨਾਲ ਪੇਸ਼ ਕੀਤਾ। ਬਿਜਲੀ ਦੇ ਰੰਗ ਬਰੰਗੇ ਲਾਟੂਆਂ ਦੀ ਰੋਸ਼ਨੀ ਵਿਚ ਇੰਜ ਭਾਸਦਾ ਸੀ ਜਿਵੇਂ ਗੁਰੂ ਨਾਨਕ ਸਾਹਿਬ ਦੇ ਆਗਮਨ ਦੀ ਘੜੀ ਸਾਡੇ ਸਾਹਮਣੇ ਵਾਪਰ ਰਹੀ ਹੈ। ਭਾਈ ਸਾਹਿਬ ਨੇ ਉੱਚੀਆਂ ਅਤੇ ਨੀਵੀਆਂ ਸੁਰਾਂ ਐਨੀ ਆਸਾਨੀ ਨਾਲ ਲਗਾਈਆਂ ਕਿ ਇੰਜ ਜਾਪਦਾ ਸੀ ਜਿਵੇਂ ਮੀਆਂ ਤਾਨ ਸੈਨ ਦੇ ਸਮੇਂ ਵਿਚ ਪਹੁੰਚ ਗਏ ਹੋਈਏ।

ਨਵੰਬਰ ਅਤੇ ਦਸੰਬਰ 1984 ਵਿਚ ਦੋ ਮਹੀਨੇ ਗੁਰਦਵਾਰਾ ਰਿੱਚਮੰਡ ਹਿੱਲ ਨਿਊਯਾਰਕ ਵਿਚ ਕੀਰਤਨ ਦੀਆਂ ਚੌਕੀਆਂ ਭਰਨ ਉਪਰੰਤ ਭਾਈ ਸਾਹਿਬ ਗੁਰਦਵਾਰਾ ਬ੍ਰਿੱਜਵਾਟਰ ਵਿਖੇ ਤਿੰਨ ਹਫ਼ਤਿਆਂ ਵਾਸਤੇ ਆਏ। ਦਾਸ ਨੇ ਇੰਜ ਸਮਝਿਆ ਕਿ ਜਿੰਨੀ ਭੀ ਭਾਈ ਸਾਹਿਬ ਦੀ ਸੇਵਾ ਕਰ ਹੋਵੇ, ਕੀਤੀ ਜਾਵੇ। ਸੰਗਤ ਦੇ ਕਿਸੇ ਭੀ ਮੈਂਬਰ ਦੇ ਘਰ ਜਦੋਂ ਭੀ ਕੀਰਤਨ ਰੱਖਿਆ ਗਿਆ, ਦਾਸ ਨੇ ਖ਼ੁਦ ਭਾਈ ਸਾਹਿਬ ਨੂੰ ਲਿਜਾਣ ਅਤੇ ਲਿਆਉਣ ਦੀ ਸੇਵਾ ਕੀਤੀ। ਜਾਂਦਿਆਂ

ਆਉਂਦਿਆਂ ਵਿਚਾਰਾਂ ਭੀ ਹੁੰਦੀਆਂ ਰਹੀਆਂ। ਭਾਈ ਸਾਹਿਬ ਦੀ ਆਵਾਜ਼ ਵਿਚੋਂ ਕਦੀ ਕਦੀ ਕੇ. ਐਲ. ਸਹਿਗਲ ਦੀ ਆਵਾਜ਼ ਦੀ ਝਲਕ ਪੈਂਦੀ ਸੀ। ਅਲਾਪ ਲੈਂਦਿਆਂ ਕਈ ਵਾਰੀ ਭੁਲੇਖਾ ਪੈਂਦਾ ਸੀ ਕਿ ਬੜੇ ਗ਼ੁਲਾਮ ਅਲੀ ਖਾਂ ਅਲਾਪ ਲੈ ਰਹੇ ਹਨ ਜਾਂ ਭਾਈ ਦਿਦਾਰ ਸਿੰਘ ਜੀ! ਪਿਆਰ ਨਾਲ ਦਾਸ ਨੇ ਭਾਈ ਸਾਹਿਬ ਨੂੰ ਖਾਂ ਸਾਹਿਬ ਕਹਿਣ ਦੀ ਭੀ ਗੁਸਤਾਖ਼ੀ ਕੀਤੀ। ਸੂਰਮੇਂ ਸਿੰਘ ਹੋਣ ਦੇ ਬਾਵਜੂਦ ਭਾਈ ਸਾਹਿਬ ਨੂੰ ਐਨੀ ਬਾਣੀ ਕੰਠ ਸੀ ਕਿ ਤਅਜ਼ੁਬ ਹੁੰਦਾ ਸੀ।

ਭਾਈ ਸਾਹਿਬ ਨਾਲ ਜਾਂਦਿਆਂ ਆਉਂਦਿਆਂ ਉਨ੍ਹਾਂ ਨਾਲ ਬਹੁਤ ਵਾਰੀ ਵਿਚਾਰਾਂ ਹੋਈਆਂ। ਭਾਈ ਸਾਹਿਬ ਦੇ ਸੁਭਾਓ ਵਿਚ ਤਿਆਗ ਬਹੁਤ ਸੀ। ਇਕ ਦਿਨ ਦਾਸ ਨੂੰ ਕਹਿਣ ਲੱਗੇ ਕਿ ਜਿਸ ਕਿਸੇ ਦੇ ਘਰ ਭੀ ਕੀਰਤਨ ਹੋਵੇ, ਉਸ ਨੂੰ ਸਾਡੀ ਭੇਟਾ ਬਾਰੇ ਨਾ ਕਹਿਣਾ। ਜਿੰਨ੍ਹਾਂ ਕਿਸੇ ਦਾ ਪਿਆਰ ਹੈ ਜਾਂ ਜਿੰਨੀ ਉਸ ਦੀ ਸਵੈ-ਇੱਛਾ ਹੈ, ਉਸ ਅਨੁਸਾਰ ਭੇਟਾ ਸਾਨੂੰ ਮਨਜ਼ੂਰ ਹੈ। ਜੇ ਕੋਈ ਨਾ ਭੀ ਭੇਟਾ ਦੇਵੇ ਤਾਂ ਭੀ ਕੋਈ ਹਰਜ਼ ਨਹੀਂ। ਇਹ ਗੱਲ ਮੈਨੂੰ ਪਹਿਲੀ ਵਾਰੀ ਕਿਸੇ ਰਾਗੀ ਸਿੰਘ ਨੇ ਆਖੀ ਸੀ। ਇਸ ਦਾ ਮੇਰੇ ਉੱਪਰ ਬਹੁਤ ਗਹਿਰਾ ਅਸਰ ਹੋਇਆ।

ਦਾਸ ਨੇ ਪੁੱਛਿਆ ਕਿ ਆਪ ਦੀ ਐਨੀ ਮਧੁਰ ਆਵਾਜ਼ ਹੈ, ਐਨੀ ਰਾਗ ਵਿੱਦਿਆ ਪ੍ਰਾਪਤ ਕੀਤੀ ਹੈ ਅਤੇ ਐਨੀ ਬਾਣੀ ਕੰਠ ਹੈ, ਆਪ ਦੀ ਆਵਾਜ਼ ਕਦੀ ਰੇਡੀਓ ਤੋਂ ਨਹੀਂ ਸੁਣੀ। ਭਾਈ ਸਾਹਿਬ ਕਹਿਣ ਲੱਗੇ ਕਿ ਰੇਡੀਓ ਸਟੇਸ਼ਨ ਕੋਈ ਗੁਰਦਵਾਰਾ ਨਹੀਂ ਜਿੱਥੇ ਮੱਥਾ ਟੇਕਣ ਜਾਣਾ ਹੀ ਹੈ। ਰੇਡੀਓ ਸਟੇਸ਼ਨ ਤੇ ਸਾਡਾ ਜਥਾ ਬਿਨ੍ਹਾਂ ਬੁਲਾਏ ਨਹੀਂ ਜਾਵੇਗਾ। ਆਖਣ ਲੱਗੇ ਕਿ ਰੇਡੀਓ ਸਟੇਸ਼ਨਾਂ ਤੇ ਅੱਜ ਕੱਲ੍ਹ ਸਿਫ਼ਾਰਸ਼ਾਂ ਭੀ ਚੱਲਦੀਆਂ ਹਨ, ਖੁਸ਼ਆਮਦੀਆਂ ਦੀ ਭੀ ਭਰਮਾਰ ਹੈ। ਅਸੀਂ ਤੇ ਉਦੋਂ ਹੀ ਜਾਵਾਂਗੇ ਜਦੋਂ ਉਹ ਖ਼ੁਦ ਬੁਲਾਉਣਗੇ। ਬਾਅਦ ਵਿਚ ਸ਼ਾਇਦ ਰੇਡੀਓ ਵਾਲਿਆਂ ਨੇ ਭਾਈ ਸਾਹਿਬ ਨੂੰ ਆਮੰਤਰਤ ਭੀ ਕੀਤਾ, ਇਸ ਸੰਬੰਧ ਵਿਚ ਦਾਸ ਨੂੰ ਗਿਆਨ ਨਹੀਂ ਹੈ।

ਪੁੱਛਣ ਤੇ ਭਾਈ ਸਾਹਿਬ ਨੇ ਦੱਸਿਆ ਕਿ ਬਹੁਤ ਛੋਟੀ ਉਮਰ ਵਿਚ ਭਾਈ ਸਾਹਿਬ ਦੇ ਪਰਵਾਰ ਵਾਲੇ ਉਨ੍ਹਾਂ ਨੂੰ ਭਾਈ ਦਰਸ਼ਨ ਸਿੰਘ ਕੋਮਲ ਜੀ ਦੇ ਡੇਰੇ ਤੇ ਛੱਡ ਗਏ। ਭਾਈ ਕੋਮਲ ਜੀ ਭੀ ਸੂਰਮੇਂ ਸਿੰਘ ਸਨ। ਕੋਮਲ ਜੀ ਇਕ ਮਹਾਨ ਕੀਰਤਨ ਸਿਖਾਉਣ ਵਾਲੇ ਸਨ। ਉਨ੍ਹਾਂ ਨੇ ਹੋਰਨਾਂ ਤੋਂ ਛੁੱਟ ਭਾਈ ਧਰਮ ਸਿੰਘ ਜ਼ਖਮੀ, ਭਾਈ ਸ਼ਮਸ਼ੇਰ ਸਿੰਘ, ਭਾਈ ਗਿਆਨ ਸਿੰਘ ਸੁਰਜੀਤ ਅਤੇ ਭਾਈ ਬੇਅੰਤ ਸਿੰਘ ਬਿਜਲੀ ਨੂੰ ਭੀ ਕੀਰਤਨ ਸਿਖਾਇਆ।

ਭਾਈ ਦਿਦਾਰ ਸਿੰਘ ਹੋਰੀਂ ਦੱਸਣ ਲੱਗੇ ਕਿ ਕੋਮਲ ਜੀ ਨੇ ਪਹਿਲੇ ਦਸ ਵਰ੍ਹੇ, ਕੇਵਲ ਬਾਣੀ ਹੀ ਕੰਠ ਕਰਾਈ ਅਤੇ ਰਾਗ ਵਿੱਦਿਆ ਹੀ ਦਿੱਤੀ। ਫੇਰ ਉਨ੍ਹਾਂ

ਨੇ ਮੈਨੂੰ ਜਥੇਦਾਰ ਬਣਾ ਕੇ ਜਥਾ ਬਣਾ ਦਿੱਤਾ। ਇਕ ਵਾਰੀ ਤੇ ਕੋਮਲ ਜੀ ਏਨੇ ਖੁਸ਼ ਹੋਏ ਕਿ ਮੇਰੇ ਨਾਲ ਜੋੜੀ ਵਜਾਉਣ ਲੱਗ ਪਏ। ਮੈਂ ਬੜਾ ਮਹਿਸੂਸ ਕਰਨਾ ਕਿ ਕੋਮਲ ਜੀ ਮੇਰੇ ਉਸਤਾਦ ਹਨ, ਉਹ ਮੇਰੇ ਨਾਲ ਜੋੜੀ ਵਜਾਉਂਦੇ ਠੀਕ ਨਹੀਂ ਲੱਗਦੇ। ਪਰ ਕੋਮਲ ਜੀ ਨੇ ਹਮੇਸ਼ਾਂ ਇਹੋ ਹੀ ਉੱਤਰ ਦਿੱਤਾ ਕਿ ਤੁਸੀਂ ਚੜ੍ਹਦੀ ਜਵਾਨੀ ਵਿਚ ਹੋ, ਬਤੌਰ ਜਥੇਦਾਰ ਤੁਸੀਂ ਹੀ ਢੁਕਦੇ ਹੋ। ਅਜਿਹਾ ਕਰਨਾ ਕੋਮਲ ਜੀ ਦੀ ਮਹਾਨਤਾ ਦਾ ਸਬੂਤ ਹੈ। ਭਾਈ ਦਿਦਾਰ ਸਿੰਘ ਜੀ ਨੇ ਦੱਸਿਆ ਕਿ ਆਪਣੇ ਪਿੰਡ ਨੰਗਲ ਖੁਰਦ ਵਿਖੇ ਅਸੀਂ ਕੋਮਲ ਜੀ ਦੀ ਪਰੰਪਰਾ ਕਾਇਮ ਰੱਖੀ ਹੈ। ਮੈਂ ਭੀ ਸਿਖਿਆਰਥੀਆਂ ਨੂੰ ਕੀਰਤਨ ਸਿਖਾਉਂਦਾ ਹਾਂ।

ਪਾਠਕਾਂ ਨੂੰ ਹੈਰਾਨੀ ਹੋਵੇਗੀ ਕਿ ਅਮਰੀਕਾ ਵਿਚ ਲੱਗਪੱਗ ਸਾਰੇ ਹੀ ਰੇਡੀਓ ਸਟੇਸ਼ਨ ਅਤੇ ਟੈਲੀਵੀਜਨ ਸਟੇਸ਼ਨ ਨਿੱਜੀ ਖੇਤਰ ਵਿਚ ਹਨ। ਕੋਈ ਭੀ ਸੰਸਥਾ ਜਾਂ ਵਿਅਕਤੀ ਇਨ੍ਹਾਂ ਰੇਡੀਓ ਅਤੇ ਟੈਲੀਵੀਜਨ ਸਟੇਸ਼ਨਾਂ ਤੇ ਸਮਾਂ ਖਰੀਦ ਸਕਦਾ ਹੈ। ਨਿਊਯਾਰਕ ਇਲਾਕੇ ਦੇ ਸਿੱਖਾਂ ਵਿਚ ਸਰਦਾਰ ਤੇਜਿੰਦਰ ਜੀਤ ਸਿੰਘ ਪਸਰੀਚਾ ਅਤੇ ਸਰਦਾਰ ਤੇਜਿੰਦਰ ਸਿੰਘ ਮਲਿਕ ਵਰਗੇ ਸਿੱਖ ਹਿਤੈਸ਼ੀ ਅਤੇ ਦਾਨੀ ਵਿਅਕਤੀ ਮੌਜੂਦ ਹਨ ਜੋ ਹਰ ਅਵਸਰ ਤੇ ਸਿੱਖੀ ਦੀ ਸੇਵਾ ਕਰਨ ਵਿਚ ਮੋਹਰੀ ਹੁੰਦੇ ਹਨ। ਸਰਦਾਰ ਪਸਰੀਚਾ ਅਤੇ ਸਰਦਾਰ ਮਲਿਕ ਨੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬਾਂ ਸਮੇਂ ਨਿਊਯਾਰਕ ਦੇ ਇੱਕ ਟੈਲੀਵੀਜ਼ਨ ਸਟੇਸ਼ਨ ਤੇ ਸਮਾਂ ਖਰੀਦ ਲਿਆ ਸੀ ਅਤੇ ਗੁਰਬਾਣੀ ਤੇ ਆਧਾਰਤ ਟੀ. ਵੀ. ਪ੍ਰੋਗਰਾਮ ਪੇਸ਼ ਕਰਨ ਦਾ ਸ਼ਰਫ਼ ਉਨ੍ਹਾਂ ਨੇ ਇਸ ਨਿਮਾਣੇ ਦਾਸ ਨੂੰ ਬਖ਼ਸ਼ਿਆ।

ਉਨ੍ਹਾਂ ਦਿਨਾਂ ਵਿਚ ਭਾਈ ਦਿਦਾਰ ਸਿੰਘ ਜੀ ਸਾਡੇ ਕੋਲ ਸਨ। ਦਾਸ ਨੇ ਭਾਈ ਸਾਹਿਬ ਨੂੰ ਬੇਨਤੀ ਕੀਤੀ ਕਿ ਦੋਵੇਂ ਗੁਰਪੁਰਬ ਆ ਰਹੇ ਹਨ ਤੁਸੀਂ ਆਪਣੀ ਮਧੁਰ ਆਵਾਜ਼ ਵਿਚ ਸਾਨੂੰ ਕੁਝ ਸ਼ਬਦ ਰਿਕਾਰਡ ਕਰਵਾ ਦਿਉ ਜੋ ਅਸੀਂ ਟੀ. ਵੀ. ਤੇ ਪੇਸ਼ ਕਰਾਂਗੇ। ਭਾਈ ਸਾਹਿਬ ਆਖਣ ਲੱਗੇ ਸਤ ਬਚਨ। ਰਿਕਾਰਡਿੰਗ ਵਾਸਤੇ ਲਿਜਾਂਦਿਆਂ ਦਾਸ ਨੇ ਭਾਈ ਸਾਹਿਬ ਨੂੰ ਪੁੱਛਿਆ ਕਿ ਇਸ ਰਿਕਾਰਡਿੰਗ ਦੀ ਭੇਟਾ ਕੀ ਲਵੋਗੇ। ਭਾਈ ਸਾਹਿਬ ਕਹਿਣ ਲੱਗੇ ਤੁਸੀਂ ਸਾਡੇ ਨਾਲ ਮਖੌਲ ਨਾ ਕਰੋ। ਰਿਕਾਰਡਿੰਗ ਕਰ ਲਉ ਜੇ ਪਸੰਦ ਆਈ ਤਾਂ ਜੋ ਦਿਓਗੇ ਲੈ ਲਵਾਂਗੇ। ਜੇ ਨਾ ਭੀ ਦਿਉਗੇ ਤਾਂ ਭੀ ਠੀਕ ਹੈ। ਜਿਸ ਵਕਤ ਅਸੀਂ ਰਿਕਾਰਡਿੰਗ ਕਰਨ ਲੱਗੇ ਭਾਈ ਸਾਹਿਬ ਇਕ ਸ਼ਬਦ ਵੱਜਦ ਵਿਚ ਆ ਕੇ ਗਾ ਰਹੇ ਸਨ ਤਾਂ ਪਸਰੀਚਾ ਸਾਹਿਬ ਆ ਗਏ। ਭਾਈ ਸਾਹਿਬ ਦੇ ਗਲੇ ਦੀ ਰਵਾਨਗੀ ਅਤੇ ਉਨ੍ਹਾਂ ਦੀ ਭਾਵਨਾ ਭਰਪੂਰ ਆਵਾਜ਼ ਵਿਚ ਜਦੋਂ ਧੁਨਾਂ ਕੰਨੀ ਪਈਆਂ, ਪਸਰੀਚਾ ਸਾਹਿਬ ਨੇ ਭੇਟਾ ਭਾਈ ਸਾਹਿਬ ਦੇ ਅੱਗੇ ਰੱਖ ਦਿੱਤੀ। ਦੁਪਹਿਰ ਦੇ 12 ਵਜੇ ਤੋਂ ਸ਼ਾਮ ਦੇ ਸਾਢੇ ਪੰਜ ਵਜੇ ਤਾਈਂ ਲਗਾਤਾਰ ਭਾਈ ਸਾਹਿਬ ਕੀਰਤਨ ਕਰੀ

ਗਏ। ਤਬਲੇ ਵਾਲਾ ਸਾਥੀ ਭੀ ਬਦਲਣਾ ਪਿਆ। ਸਟੂਡੀਓ ਦੇ ਕਰਿੰਦੇ ਭੀ ਥੱਕ ਗਏ। ਪਰ ਭਾਈ ਸਾਹਿਬ ਨੇ ਪਾਣੀ ਤੱਕ ਨਹੀਂ ਮੰਗਿਆ। ਅਸੀਂ ਦੋ ਗੁਰਪੁਰਬਾਂ ਦੀ ਬਜਾਏ ਚਾਰ ਗੁਰਪੁਰਬਾਂ ਯਾਨੀ ਪੰਚਮ ਅਤ ਨੌਵੇਂ ਪਿਤਾ ਦੇ ਸ਼ਹੀਦੀ ਗੁਰਪੁਰਬਾਂ ਵਾਸਤੇ ਭੀ ਰਿਕਾਰਡਿੰਗ ਕਰ ਲਈ। ਕੁੱਲ ਰਿਕਾਰਡਿੰਗ 2 ਘੰਟੇ ਦੀ ਬਣ ਗਈ। ਕਈ ਸ਼ਬਦ ਦੁਬਾਰਾ ਰਿਕਾਰਡ ਕਰਨੇ ਪਏ। ਇਸ ਵਾਸਤੇ ਸਮਾਂ ਬਹੁਤਾ ਲੱਗ ਗਿਆ।

ਰਾਤ ਦੇ ਪਰਸ਼ਾਦੇ ਛਕਾਉਣ ਵਾਸਤੇ ਜਦੋਂ ਦਾਸ ਭਾਈ ਸਾਹਿਬ ਨੂੰ ਆਪਣੇ ਘਰ ਲਿਆਇਆ ਤਾਂ ਡਾਕ ਵਿਚ ਸਰਦਾਰ ਅਮਰਜੀਤ ਸਿੰਘ ਗਰੇਵਾਲ ਸਾਹਿਬ ਦਾ ਇਕ ਹੋਰ ਭੇਟਾ ਦਾ ਚੈੱਕ ਆਇਆ ਪਿਆ ਸੀ। ਇਹ ਚੈੱਕ ਭੀ ਭਾਈ ਸਾਹਿਬ ਨੂੰ ਦੇ ਦਿੱਤਾ। ਦਾਸ ਨੇ ਭਾਈ ਸਾਹਿਬ ਨੂੰ ਆਖਿਆ ਕਿ ਤੁਸੀਂ ਤੇ ਫੁਰਮਾਇਆ ਸੀ ਕਿ ਭੇਟਾ ਭਾਵੇਂ ਨਾ ਹੀ ਦਿਉ ਪਰ ਇੱਥੇ ਤਾਂ ਦੋਹਰੀ ਭੇਟਾ ਦੀ ਸੇਵਾ ਹੋ ਗਈ। ਭਾਈ ਸਾਹਿਬ ਮੁਸਕੁਰਾਏ ਅਤੇ ਕਹਿਣ ਲੱਗੇ, ਇਹ ਗੁਰੂ ਦੀ ਕਿਰਪਾ ਹੈ। ਬਾਅਦ ਵਿਚ ਭਾਈ ਸਾਹਿਬ ਦੀ ਆਵਾਜ਼ ਅਮਰੀਕਨ ਰੇਡੀਓ ਤੇ ਭੀ ਗੂੰਜੀ। ਇਥੇ ਅਮਰੀਕਾ ਵਿਚ ਸਾਡੇ ਕੋਲ ਰਿਕਾਰਡਿੰਗ ਦੇ ਸਾਧਨ ਬਹੁਤ ਅੱਛੇ ਹਨ। ਭਾਈ ਸਾਹਿਬ ਦੇ ਜਥੇ ਦੀਆਂ ਆਵਾਜ਼ਾਂ ਵਿਚ ਲੱਗਪਗ 10 ਘੰਟੇ ਦਾ ਕੀਰਤਨ ਸਟੀਰੀਓ ਰਿਕਾਰਡ ਕਰ ਲਿਆ ਗਿਆ ਹੈ।

ਭਾਈ ਬਖਸ਼ੀਸ਼ ਸਿੰਘ ਅਤੇ ਭਾਈ ਸ਼ਮਸ਼ੇਰ ਸਿੰਘ ਹੋਰਾਂ ਦੇ ਇੰਤਕਾਲ ਕਰ ਜਾਣ ਤੋਂ ਬਾਅਦ ਇਥੇ ਅਮਰੀਕਾ ਵਿਚ ਸਿੱਖ ਮਹਿਸੂਸ ਕਰਨ ਲੱਗ ਪਏ ਹਨ ਕਿ ਪੁਰਾਤਨ ਕੀਰਤਨ ਕਲਾ ਦੇ ਨਿਪੁੰਨ ਕੀਰਤਨੀਏ ਜਲਦੀ ਜਲਦੀ ਸਦੀਵੀ ਵਿਛੋੜੇ ਦੇ ਰਹੇ ਹਨ। ਇਨ੍ਹਾਂ ਮਹਾਨ ਕੀਰਤਨੀਆਂ ਵਿੱਚੋਂ ਜਿੰਨਿਆਂ ਦੀ ਭੀ ਹੋ ਸਕੇ ਵੱਧ ਤੋਂ ਵੱਧ ਰਿਕਾਰਡਿੰਗ ਕਰ ਲੈਣੀ ਚਾਹੀਦੀ ਹੈ ਤਾਂ ਕਿ ਉਨ੍ਹਾਂ ਦੀਆਂ ਆਵਾਜ਼ਾਂ ਅਤੇ ਪੁਰਾਤਨ ਰੀਤਾਂ ਦੀ ਸਦੀਵੀਂ ਸੰਭਾਲ ਹੋ ਸਕੇ। ਭਾਈ ਬਲਬੀਰ ਸਿੰਘ ਜੀ ਕੋਲ ਅਜਿਹਾ ਖਜ਼ਾਨਾ ਕਾਫ਼ੀ ਹੈ। ਇਸੇ ਹੀ ਪੱਖ ਦੀ ਪੂਰਤੀ ਵਾਸਤੇ ਗੁਰਦਵਾਰਾ ਰਿੱਚਮੰਡ ਹਿੱਲ ਨਿਊਯਾਰਕ ਦੇ ਜਨਰਲ ਸਕੱਤਰ ਸਰਦਾਰ ਪਰਗਟ ਸਿੰਘ ਹੋਰਾਂ ਨੇ ਇਕ ਵਾਰੀ ਫੇਰ ਭਾਈ ਦਿਦਾਰ ਸਿੰਘ ਅਤੇ ਜਥੇ ਨੂੰ ਅਮਰੀਕਾ ਆਉਣ ਵਾਸਤੇ ਰਾਹਦਾਰੀ ਭੇਜ ਦਿੱਤੀ ਸੀ। ਜੇਕਰ ਭਾਈ ਸਾਹਿਬ ਅਮਰੀਕਾ ਆ ਜਾਂਦੇ ਤਾਂ ਉਨ੍ਹਾਂ ਕੋਲ ਮਹਿਫੂਜ਼ ਪੁਰਾਤਨ ਕੀਰਤਨ ਕਲਾ ਦਾ ਜਿੰਨਾਂ ਭੀ ਖ਼ਜ਼ਾਨਾ ਸੀ ਉਹ ਅਸਾਂ ਟੇਪ ਬੰਦ ਕਰ ਲੈਣਾ ਸੀ। ਲੇਕਿਨ ਅਜਿਹਾ ਕਰ ਸਕਣਾ ਸਾਡੇ ਮੁਕੱਦਰ ਵਿਚ ਨਹੀਂ ਸੀ।

ਭਾਈ ਦਿਦਾਰ ਸਿੰਘ ਹੋਰਾਂ ਦੇ ਸਵਰਗਵਾਸ ਹੋਣ ਨਾਲ ਇਕ ਹੋਰ ਮਹਾਨ ਕੀਰਤਨੀਆ ਸਾਡੇ ਦਰਮਿਆਨ ਨਹੀਂ ਰਿਹਾ। ਇਹ ਘਾਟਾ ਪੂਰਾ ਹੋਣ ਵਾਲਾ

ਨਹੀਂ । ਕੀਰਤਨੀਏ ਹੋਣ ਦੇ ਨਾਲ ਨਾਲ ਹੀ ਭਾਈ ਸਾਹਿਬ ਸਾਰੰਗੀ ਦੇ ਭੀ ਮਹਾਨ ਵਾਦਕ ਕਲਾਕਾਰ ਸਨ। ਪੰਜਾਬ ਦੇ ਵਧੇਰੇ ਢਾਡੀ ਜਥਿਆਂ ਦੇ ਸਾਰੰਗੀ ਮਾਸਟਰ ਭਾਈ ਦਿਦਾਰ ਸਿੰਘ ਹੋਰਾਂ ਦੇ ਹੀ ਸ਼ਗਿਰਦ ਹਨ। ਤਬਲਾ ਅਤੇ ਹਰਮੋਨੀਅਮ ਵਜਾਉਣ ਵਿਚ ਭੀ ਭਾਈ ਸਾਹਿਬ ਮਾਹਿਰ ਸਨ। ਭਾਈ ਸਾਹਿਬ ਦੱਸਦੇ ਸਨ ਕਿ ਕੋਮਲ ਜੀ ਨੇ ਕੀਰਤਨ ਕਲਾ ਵਧੇਰੇ ਕਰਕੇ ਭਾਈ ਸਾਈਂ ਦਿੱਤਾ ਜੀ ਪਾਸੋਂ ਪ੍ਰਾਪਤ ਕੀਤੀ। ਇਸ ਤਰ੍ਹਾਂ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੀਆਂ ਪੁਰਾਤਨ ਰੀਤਾਂ ਕੋਮਲ ਜੀ ਨੇ ਸਿੱਖੀਆਂ ਜੋ ਉਨ੍ਹਾਂ ਨੇ ਭਾਈ ਦਿਦਾਰ ਸਿੰਘ ਜੀ ਹੋਰਾਂ ਨੂੰ ਭੀ ਸਿਖਾਈਆਂ।

ਜਿਨ੍ਹਾਂ ਰਾਗਾਂ ਬਾਰੇ ਗੁਰੂ-ਘਰਾਂ ਦੇ ਕੀਰਤਨੀਏ ਪੂਰੇ ਤਰ੍ਹਾਂ ਮਾਹਿਰ ਨਹੀਂ ਸਨ, ਉਨ੍ਹਾਂ ਰਾਗਾਂ ਦੀ ਵਿੱਦਿਆ ਕੋਮਲ ਜੀ ਨੇ ਮੁਲਤਾਨ ਵਿਖੇ ਮੁਸਲਮਾਨ ਉਸਤਾਦਾਂ ਪਾਸੋਂ ਪ੍ਰਾਪਤ ਕੀਤੀ ਅਤੇ ਕਈ ਵਾਰ ਬਨਾਰਸ ਦੇ ਪੰਡਿਤਾਂ ਪਾਸੋਂ ਭੀ ਵਿੱਦਿਆ ਹਾਸਿਲ ਕੀਤੀ। ਆਪਣਾ ਸਾਰਾ ਜ਼ਖ਼ੀਰਾ ਕੋਮਲ ਜੀ ਨੇ ਭਾਈ ਦਿਦਾਰ ਸਿੰਘ ਹੋਰਾਂ ਨੂੰ ਦੇ ਦਿੱਤਾ। ਭਾਈ ਸਾਹਿਬ ਦੇ ਸਵਰਗਵਾਸ ਹੋਣ ਨਾਲ ਕੋਮਲ ਜੀ ਦੀ ਕੀਰਤਨ ਕਲਾ ਦਾ ਸਭ ਤੋਂ ਰੌਸ਼ਨ ਸਿਤਾਰਾ ਡੁੱਬ ਗਿਆ ਹੈ। ਇਹ ਦੋਹਰੀ ਮੌਤ ਹੈ। ਇਕ ਯੁੱਗ ਦਾ ਖਾਤਮਾ ਹੈ।

—0— ★

## ਪ੍ਰਸਿੱਧ ਕੀਰਤਨੀਏ

# ਭਾਈ ਜਗਜੀਤ ਸਿੰਘ ਸਿਦਕੀ

ਪ੍ਰੋ. ਸਤਵਿੰਦਰ ਸਿੰਘ

ਭਾਈ ਜਗਜੀਤ ਸਿੰਘ ਸਿਦਕੀ ਗੁਰਬਾਣੀ ਦੇ ਪ੍ਰਸਿੱਧ ਕੀਰਤਨਕਾਰ ਹਨ। ਉਨ੍ਹਾਂ ਨੂੰ ਇਹ ਲਗਨ ਘਰ ਵਿਚੋਂ ਹੀ ਪ੍ਰਾਪਤ ਹੋਈ ਹੈ। ਉਨ੍ਹਾਂ ਦੇ ਪਿਤਾ ਸ੍ਰ: ਸੁਦਾਗਰ ਸਿੰਘ ਜੀ ਵੀ ਗੁਰੂ-ਘਰ ਦੇ ਸੇਵਾਦਾਰ ਸਨ ਜੋ ਪਿੰਡ ਭੋਏ ਆਸਲ ਜ਼ਿਲ੍ਹਾ ਲਾਹੌਰ ਦੇ ਵਸਨੀਕ ਸਨ। ਉਹ ਕੁਝ ਚਿਰ ਸ੍ਰੀ ਨਨਕਾਣਾ ਸਾਹਿਬ ਵਿਖੇ ਗ੍ਰੰਥੀ ਦੀ ਸੇਵਾ ਕਰਦੇ ਰਹੇ ਅਤੇ ਫਿਰ ਪਿੰਡ ਵਿਚ ਹੀ ਗੁਰਦੁਆਰਾ ਸਾਹਿਬ ਦੀ ਸੇਵਾ ਕਰਦੇ ਹੋਏ ਸੰਨ 1939 ਵਿਚ ਚੜ੍ਹਾਈ ਕਰ ਗਏ। ਉਸ ਸਮੇਂ ਆਪ ਦੀ ਉਮਰ ਅੱਠ ਕੁ ਸਾਲ ਦੀ ਸੀ।

ਪਿਤਾ ਦੀ ਮੌਤ ਤੋਂ ਬਾਅਦ ਪ੍ਰਸਿੱਧ ਕੀਰਤਨਕਾਰ ਭਾਈ ਸਮੁੰਦ ਸਿੰਘ ਜੀ ਦੇ ਵਾਜੇ ਵਾਲੇ ਸਾਥੀ ਭਾਈ ਤੇਜਾ ਸਿੰਘ ਜੀ, ਜੋ ਰਿਸ਼ਤੇ ਵਿਚ ਆਪ ਦੇ ਜੀਜਾ ਜੀ ਲੱਗਦੇ ਸਨ, ਉਹ ਆਪ ਦੇ ਪਰਿਵਾਰ ਦੀ ਸਰਪ੍ਰਸਤੀ ਲਈ ਪਿੰਡ ਆ ਗਏ। ਭਾਈ ਤੇਜਾ ਸਿੰਘ ਜੀ ਨੇ ਆਪ ਦੇ ਵੱਡੇ ਭਰਾ ਗਿਆਨੀ ਭਜਨੀਕ ਸਿੰਘ ਜੀ ਨੂੰ ਹਰਮੋਨੀਅਮ ਅਤੇ ਆਪ ਨੂੰ ਤਬਲਾ ਸਿਖਾਉਣਾ ਸ਼ੁਰੂ ਕਰ ਦਿੱਤਾ। ਆਪਣੇ ਵੱਡੇ ਭਰਾ ਨੂੰ ਸ਼ਬਦ ਪੜ੍ਹਦਿਆਂ ਵੇਖ ਕੇ ਆਪ ਨੂੰ ਵੀ ਗਾਉਣ ਦੀ ਰੀਝ ਜਾਗੀ। ਆਪਣੀ ਇਹ ਰੀਝ ਜਦੋਂ ਆਪ ਨੇ ਵਾਜਾ ਸਿਖਣ ਲਈ ਆਪਣੇ ਉਸਤਾਦ ਜੀ ਕੋਲ ਪ੍ਰਗਟਾਈ ਤਾਂ ਆਪ ਨੂੰ ਇਕ ਵਾਰ ਆਵਾਜ਼ ਠੀਕ ਨਾ ਹੋਣ ਕਰਕੇ ਜੁਆਬ ਮਿਲ ਗਿਆ। ਸੋ ਆਪ ਨੇ ਬੰਦ ਕਮਰੇ ਵਿਚ ਚੋਰੀ-ਚੋਰੀ ਹਰਮੋਨੀਅਮ ਦੀਆਂ ਸੁਰਾਂ ਨੂੰ ਪਛਾਣਿਆ ਅਤੇ ਹੌਲੀ-ਹੌਲੀ ਪਹਿਲਾਂ ਸੁਣੀਆਂ ਹੋਈਆਂ ਰੀਤਾਂ ਕੱਢਣ ਦਾ ਯਤਨ ਕਰਦੇ ਰਹੇ। ਦੋ ਕੁ ਸਾਲ ਮਗਰੋਂ ਭਾਈ ਤੇਜਾ ਸਿੰਘ ਜੀ ਨਨਕਾਣਾ ਸਾਹਿਬ ਚਲੇ ਗਏ। ਆਪ ਦੀ ਤਬਲੇ ਦੀ ਸਿਖਲਾਈ ਵੀ ਅਧੂਰੀ ਰਹਿ ਗਈ। ਉਦੋਂ ਆਪ ਨੌਵੀਂ ਜਮਾਤ ਵਿਚ ਪੜ੍ਹਦੇ ਸਨ, ਜਦੋਂ ਦੇਸ਼ ਦੀ ਵੰਡ ਹੋਈ। ਇਧਰ ਆ ਕੇ ਆਪ ਨੇ ਇਕ ਪਰੈਸ ਵਿਚ ਕੰਮ ਕਰਨਾ ਸ਼ੁਰੂ ਕੀਤਾ ਅਤੇ ਨਾਲ ਹੀ ਪ੍ਰਾਈਵੇਟ ਤੌਰ ਤੇ ਮੈਟ੍ਰਿਕ, ਗਿਆਨੀ ਤੇ ਫਿਰ ਬੀ ਏ. ਤੱਕ ਦੀ ਵਿਦਿਅਕ ਯੋਗਤਾ ਪ੍ਰਾਪਤ ਕੀਤੀ।

ਸੰਗੀਤ ਨਾਲ ਆਪ ਦਾ ਭਾਵੇਂ ਵਿਦਿਅਕ ਜਾਂ ਸਿੱਧਾ ਸੰਬੰਧ ਨਹੀਂ ਸੀ ਪਰੰਤੂ ਆਪ ਨੂੰ ਗਾਉਣ ਦਾ ਸ਼ੌਕ ਬਹੁਤ ਸੀ। ਆਪ ਨੇ ਭਾਈ ਸਮੁੰਦ ਸਿੰਘ ਜੀ, ਭਾਈ ਸੰਤਾ ਸਿੰਘ ਜੀ, ਭਾਈ ਬਹਾਦਰ ਸਿੰਘ ਜੀ ਤੇ ਭਾਈ ਹਰਨਾਮ ਸਿੰਘ ਜ਼ਖ਼ਮੀ ਹੋਰਾਂ ਨੂੰ ਵਿਸ਼ੇਸ਼ ਧਿਆਨ ਤੇ ਬਹੁਤ ਸ਼ੌਕ ਨਾਲ ਸੁਣਿਆ। ਬੀ. ਏ,

ਕਰਨ ਉਪਰੰਤ ਆਪ ਨੇ ਕੁਝ ਸਮਾਂ ਸਕੂਲ ਮਾਸਟਰੀ ਵੀ ਕੀਤੀ। ਪਰ ਆਪ ਦੀ ਮਾਤਾ ਦੀ ਇੱਛਾ ਸੀ ਕਿ ਦੋਹਾਂ ਭਰਾਵਾਂ ਵਿਚੋਂ ਇਕ ਗੁਰੂ-ਘਰ ਦੀ ਸੇਵਾ ਜ਼ਰੂਰ ਕਰੇ। ਭਰਾਤਾ ਜੀ ਦੀ ਰੁਦਰਪੁਰ ਯੂ. ਪੀ. ਵਿਚ ਰੇਡੀਓ ਦੀ ਦੁਕਾਨ ਸੀ। ਸੋ ਮਾਤਾ ਜੀ ਦੀ ਇੱਛਾ ਪੂਰਤੀ ਅਨੁਸਾਰ ਹੀ ਆਪ ਦੀ 1960 ਵਿਚ ਆਰਮੀ ਵਿਚ ਨਾਇਬ ਸੂਬੇਦਾਰ ਗ੍ਰੰਥੀ ਵੱਜੋਂ ਨਿਯੁਕਤੀ ਹੋ ਗਈ। ਉਥੇ ਆਪ ਲਈ ਗੁਰਮਤਿ ਦੀ ਜਾਣਕਾਰੀ ਦੇ ਨਾਲ ਨਾਲ ਸ਼ਬਦ ਕੀਰਤਨ ਦਾ ਮਾਹੌਲ ਵੀ ਬਣਦਾ ਗਿਆ। ਸੰਨ 1968 ਤੱਕ ਆਪ ਨੇ ਆਰਮੀ ਦੀ ਸਰਵਿਸ ਕੀਤੀ ਅਤੇ ਇਸ ਅਰਸੇ ਦੌਰਾਨ ਸੰਗੀਤ ਦੀ ਵੀ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਕੀਤੀ। ਸਰਵਿਸ ਦੌਰਾਨ ਹੀ ਆਪ ਦੇ 1967-68 ਦੇ ਦੋ ਸਾਲ ਪਟਿਆਲਾ ਵਿਖੇ ਬੀਤੇ, ਜਿੱਥੇ ਆਪ ਨੇ ਭਾਈ ਬਖਸ਼ੀਸ ਸਿੰਘ ਜੀ, ਭਾਈ ਕਿਰਪਾਲ ਸਿੰਘ ਜੀ ਅਤੇ ਭਾਈ ਉੱਤਮ ਸਿੰਘ ਜੀ 'ਪਤੰਗ' ਹੁਰਾਂ ਨੂੰ ਬੜੇ ਗਹੁ ਨਾਲ ਸੁਣਿਆ ਅਤੇ ਕਾਫੀ ਕੁਝ ਗ੍ਰਹਿਣ ਕੀਤਾ।

ਸੰਨ 1968 ਵਿਚ ਆਪ ਨੇ ਲੁਧਿਆਣੇ ਆ ਕੇ ਦੁਕਾਨਦਾਰੀ ਦਾ ਕੰਮ ਸ਼ੁਰੂ ਕੀਤਾ। ਪਰੰਤੂ ਉਧਰ ਰੁਚੀ ਨਾ ਹੋਣ ਕਰਕੇ ਇਹ ਕੰਮ ਛੱਡਣਾ ਪਿਆ। ਸੋ ਕੀਰਤਨ ਅਤੇ ਧਰਮ ਪ੍ਰਚਾਰ ਵੱਲ ਵਧੇਰੇ ਰੁਚੀ ਹੋਣ ਕਰਕੇ ਆਪ ਨੇ ਬਕਾਇਦਾ ਅਕਾਦਮਿਕ ਤੇ ਸੰਗੀਤ ਸਿਖਿਆ ਦੇ ਨਾਲ ਨਾਲ ਕੀਰਤਨ ਦੀ ਸੇਵਾ ਵੀ ਆਰੰਭ ਕੀਤੀ। ਆਪ ਜੀ ਨੇ ਮਾਸਟਰ ਰਤਨ ਜੀ ਦੇ ਸ਼ਾਗਿਰਦ ਪ੍ਰੋ. ਹਰੀ ਦੇਵ ਜੀ ਦੀ ਅਗਵਾਈ ਹੇਠ ਪੰਜਾਬ ਯੂਨੀਵਰਸਿਟੀ ਤੋਂ ਬੀ. ਏ. ਸੰਗੀਤ ਦੀ ਵਿਦਿਅਕ ਯੋਗਤਾ ਪ੍ਰਾਪਤ ਕੀਤੀ ਅਤੇ ਇਸੇ ਦੌਰਾਨ ਆਪ ਨੂੰ ਪ੍ਰੋ. ਦਰਸ਼ਨ ਸਿੰਘ ਜੀ ਦੀ ਥਾਂ ਤੇ ਗੁਰਦੁਆਰਾ ਕਲਗੀਧਰ ਸਿੰਘ ਸਭਾ ਦੀ ਸਟੇਜ ਤੇ ਕੀਰਤਨ ਦੀ ਸੇਵਾ ਲੱਗ ਗਈ। ਸੋ ਆਪ ਜੀ ਨੇ ਇਸ ਭਾਰੀ ਜ਼ਿਮੇਵਾਰੀ ਤੇ ਦਿਨ ਰਾਤ ਮਿਹਨਤ ਕੀਤੀ ਅਤੇ ਸੱਚ-ਮੁੱਚ ਹੀ ਆਪਣੇ ਗਲੇ ਨੂੰ ਸੁਰ ਦੇ ਨਾਲ ਸੁਰ ਕਰ ਲਿਆ।

ਕੀਰਤਨ ਦੇ ਨਾਲ ਨਾਲ ਆਪ ਨੇ ਗੁਰਬਾਣੀ ਦੀ ਵਿਚਾਰ ਤੇ ਖੋਜ ਸੰਬੰਧੀ ਵੀ ਚੰਗੀ ਮਿਹਨਤ ਕੀਤੀ ਅਤੇ ਕੀਰਤਨ ਦੌਰਾਨ ਗੁਰਬਾਣੀ ਦੀ ਵਿਆਖਿਆ ਕਰਨ ਕਾਰਨ ਸਰੋਤਿਆਂ ਵਲੋਂ ਚੰਗੀ ਹੌਸਲਾ ਅਫਜ਼ਾਈ ਤੇ ਵਾਹ ਵਾਹ ਖੱਟੀ। ਆਪ ਨੂੰ ਤੰਤੀ ਸਾਜ਼ਾਂ ਦਾ ਬੜਾ ਸ਼ੌਕ ਸੀ। ਪਹਿਲਾਂ ਪਹਿਲਾਂ ਆਪ ਦੇ ਨਾਲ ਚੌਥਾ ਬੰਦਾ ਤਾਨਪੁਰੇ ਤੇ ਹੁੰਦਾ ਸੀ, ਫਿਰ ਦਿਲਰੁਬਾ ਵੀ ਸ਼ਾਮਿਲ ਕਰ ਲਈ ਤੇ ਹੁਣ ਚਾਰ-ਪੰਜ ਸਾਲ ਤੋਂ ਮੈਂਡੋਲੀਅਨ ਵਾਲਾ ਸਾਥੀ ਵੀ ਨਾਲ ਹੈ। ਇਸ ਸਮੇਂ ਆਪ ਦੇ ਨਾਲ ਭਾਈ ਪਰਮਜੀਤ ਸਿੰਘ ਤਬਲੇ ਤੇ ਅਤੇ ਭਾਈ ਬਲਵਿੰਦਰ ਸਿੰਘ ਜੀ ਮੈਂਡੋਲੀਅਨ ਤੇ ਚੰਗਾ ਨਿਭਾ ਰਹੇ ਹਨ। ਆਪ ਮੁੱਖ ਤੌਰ ਤੇ ਆਪਣੀਆਂ ਹੀ ਰੀਤਾਂ ਤੇ ਕੀਰਤਨ ਕਰਦੇ ਰਹੇ ਹਨ, ਜੋ ਆਪ ਦੇ ਕੀਰਤਨ ਸੰਗੀਤ ਦੀ ਇਕ ਵਿਲੱਖਣਤਾ ਰਹੀ ਹੈ। ਸਥਾਨਕ ਸਟੇਜਾਂ ਤੋਂ ਇਲਾਵਾ ਆਪ ਨੇ ਵਿਦੇਸ਼ਾਂ ਵਿਚ ਵੀ ਕੀਰਤਨ ਦੀ ਸੇਵਾ ਕੀਤੀ ਹੈ। ਆਪ ਨੂੰ ਥਾਈਲੈਂਡ ਤੇ ਸਿੰਘਾਪੁਰ ਦੀਆਂ

ਸੰਗਤਾਂ ਨੇ ਦੋ ਵਾਰੀ ਉਚੇਚਾ ਬੁਲਾ ਕੇ ਮਾਣ ਬਖਸ਼ਿਆ ਹੈ। ਆਪ ਦੇ ਸਰੋਤਿਆਂ ਦਾ ਘੇਰਾ ਵੀ ਤਕੜਾ ਤੇ ਵਿਸ਼ਾਲ ਹੈ। ਆਪ ਨੂੰ ਕਦੇ ਬਿਨ੍ਹਾਂ ਬੁਲਾਏ ਕਿਧਰੇ ਜਾਣਾ ਨਹੀਂ ਪਿਆ। ਪਰੰਤੂ ਸੁਭਾਅ ਕਾਰੋਬਾਰੀ ਨਾ ਹੋਣ ਕਰਕੇ ਕੁਝ ਖੇਤਰਾਂ ਨਾਲ ਸੰਬੰਧ ਨਾ ਬਣ ਸਕਣ ਦਾ ਆਪ ਨੂੰ ਅਹਿਸਾਸ ਵੀ ਹੈ।

ਆਪ ਨੂੰ ਸਾਸ਼ਤਰੀ ਸੰਗੀਤ ਸੁਣਨ ਤੇ ਸਿੱਖਣ ਦਾ ਬਣਾ ਸ਼ੌਕ ਹੈ ਅਤੇ ਪੁਰਾਤਨ ਕੀਰਤਨ ਰੀਤਾਂ ਨੂੰ ਸੁਣਨਾ ਤੇ ਪਕੜਨਾ ਵੀ ਜਾਰੀ ਹੈ। ਆਪ ਪ੍ਰੋ. ਰਣਜੀਤ ਸਿੰਘ ਜੀ ਦੀ ਸੰਗਤ ਵਿਚ ਅਜੇ ਵੀ ਹੋਰ ਸੰਗੀਤ ਸਿੱਖਿਆ ਲੈ ਰਹੇ ਹਨ।

ਆਪ ਹਰ ਕੀਰਤਨ ਚੌਕੀ ਸਮੇਂ ਘੱਟੋ ਘੱਟ ਇਕ ਸ਼ਬਦ ਜ਼ਰੂਰ ਗੰਭੀਰ ਰਾਗ ਤਾਲ ਦਾ ਪੜ੍ਹਦੇ ਹਨ ਅਤੇ ਫਿਰ ਸਮੇਂ, ਸਥਾਨ ਤੇ ਵਾਤਾਵਰਨ ਦੇ ਅਨੁਸਾਰ ਆਪਣੇ ਹੀ ਢੰਗ ਦਾ ਲਾਈਟ ਰੰਗ ਦਾ ਸ਼ਬਦ ਕੀਰਤਨ ਕਰਦੇ ਹਨ। ਆਪ ਇਕ ਚੌਕੀ ਵਿਚ ਇਕ ਹੀ ਮਜ਼ਬੂਨ ਤੇ ਲੋੜੀਂਦੇ ਤੇ ਢੁਕਵੇਂ ਦ੍ਰਿਸ਼ਟਾਂਤਾਂ ਤੇ ਮਤਲਬ ਦੀ ਥੋੜ੍ਹੀ ਜਿਹੀ ਵਿਆਖਿਆ ਨਾਲ ਵਿਚਾਰ ਪ੍ਰਗਟ ਕਰਦਿਆਂ ਕੀਰਤਨ ਕਰਦੇ ਹਨ।

ਭਾਈ ਜਗਜੀਤ ਸਿੰਘ ਜੀ ਜਿਦਕੀ ਇਸ ਸਮੇਂ ਅਠਵੰਜਾ ਵਰ੍ਹੇ ਦੇ ਹਨ ਅਤੇ ਉਨ੍ਹਾਂ ਦੀ ਸਾਰੀ ਆਯੂ ਕੀਰਤਨ ਸੰਗੀਤ ਸਿੱਖਦਿਆਂ ਸਿਖਾਉਂਦਿਆਂ ਹੀ ਬਿਤਾਉਣ ਦਾ ਸੰਕਲਪ ਹੈ। ਇਹ ਹੀ ਨਹੀਂ ਸਗੋਂ ਉਨ੍ਹਾਂ ਦੀ ਅਗਲੀ ਇੱਛਾ ਹੈ ਕਿ ਸੰਗੀਤ ਨੂੰ ਪੂਰੀ ਤਰ੍ਹਾਂ ਜਾਣਨ ਅਤੇ ਚੰਗੇਰਾ ਗਾਉਣ ਲਈ ਕਿਸੇ ਸੁਰੀਲੇ ਕੀਰਤਨੀਏ ਦੇ ਘਰ ਇਕ ਜਨਮ ਹੋਰ ਹੋਵੇ।

# ਆਸਾ ਮਹਲਾ ੫

ਕੁਲਦੀਪ ਸਿੰਘ ਐਸ.ਡੀ.ਓ. (ਰਿ.)

ਜਲ ਦੁਧ ਨਿਆਈ ਰੀਤਿ, ਅਬ ਦੁਧ ਆਂਚ ਨਹੀਂ ਮਨ ਐਸੀ ਪ੍ਰੀਤਿ ਹਰੇ ॥
ਅਬ ਉਰਝਿਓ ਅਲਿ ਕਮਲੇਹ ਬਾਸਨ ਮਾਹਿ ਮਗਨ, ਇਕੁ ਖਿਨੁ ਭੀ ਨਾਹਿ ਟਰੈ ॥
ਖਿਨੁ ਨਾਹਿ ਟਰੀਐ, ਪ੍ਰੀਤਿ ਹਰੀਐ ਸੀਗਾਰ ਹਭਿ ਰਸ ਅਰਪੀਐ ॥
ਜੈਹ ਦੂਖ ਸੁਣੀਐ, ਜਮ ਪੰਥੁ ਭਣੀਐ, ਤਹ ਸਾਧ ਸੰਗਿ ਨ ਡਰਪੀਐ ॥
ਕਰਿ ਕੀਰਤਿ ਗੋਵਿੰਦ ਗੁਣੀਐ, ਸਗਲ ਪ੍ਰਾਛਤ ਦੁਖ ਹਰੇ ॥
ਕਹੁ ਨਾਨਕ ਛੰਤੇ ਗੋਵਿੰਦ ਹਰਿ ਕੇ, ਮਨ ਹਰਿ ਸਿਉ ਨੇਹੁ ਕਰੇਹੁ, ਐਸੀ ਮਨ ਪ੍ਰੀਤਿ ਹਰੇ ॥

ਇਸ ਸ਼ਬਦ ਦੀ ਪਹਿਲੀ ਤੁਕ ਨੂੰ ਟੇਕ ਮੰਨਿਆ ਜਾਵੇ ਤਾਂ ਵਿਅਕਤੀ ਅਪਣੇ ਮਨ ਨੂੰ ਸੰਬੋਧਨ ਕਰਕੇ ਕਹਿ ਰਿਹਾ ਹੈ ਕਿ ਹੇ ਮਨ ਅਕਾਲ ਪੁਰਖ ਨਾਲ ਇਹੋ ਜਿਹੀ ਪ੍ਰੀਤਿ ਕਰ ਜਿਸ ਤਰ੍ਹਾਂ ਪਾਣੀ ਤੇ ਦੁੱਧ ਦੀ ਹੁੰਦੀ ਹੈ। ਪਾਣੀ ਦੁੱਧ ਵਿਚ ਮਿਲ ਕੇ ਦੁੱਧ ਹੀ ਬਣ ਜਾਂਦਾ ਹੈ। ਅਤੇ ਚੁੱਲ੍ਹੇ ਉਤੇ ਚਾਹੜਨ ਵੇਲੇ ਦੁੱਧ ਨੂੰ ਸੜਨ ਨਹੀਂ ਦਿੰਦਾ। ਆਪ ਸੜਦਾ ਰਹਿੰਦਾ ਹੈ, ਪਰ ਦੁੱਧ ਨੂੰ ਖਪਣ ਨਹੀਂ ਦਿੰਦਾ। ਇਸ ਵਿਚ ਕਹਿਣ ਵਾਲਾ ਵਿਅਕਤੀ Ist person ਹੈ, ਮਨ Second person ਤੇ ਅਕਾਲ ਪੁਰਖ Third person ਹੈ। ਹੁਣ ਪ੍ਰਮਾਣ ਉਹ ਹੋਣੇ ਚਾਹੀਦੇ ਹਨ ਜਿਸ ਵਿਚ ਸਿਰਫ ਅਪਣੇ ਮਨ ਨੂੰ ਹੀ ਸੰਬੋਧਨ ਕੀਤਾ ਜਾਵੇ ਕਿ ਕਿਸ ਤਰ੍ਹਾਂ ਦੀਆਂ ਅਕਾਲ ਪੁਰਖ ਨਾਲ ਪ੍ਰੀਤਾਂ ਹੋਣੀਆਂ ਚਾਹੀਦੀਆਂ ਹਨ।

ਪ੍ਰਮਾਣ ਨੰ: 1) ਜੈਸੀ ਮਛਲੀ ਨੀਰ ਇਕ ਖਿਨ ਭੀ ਨ ਧੀਰੇ, ਮਨ ਐਸਾ ਨੇਹੁ ਕਰੇਹੁ ॥
ਜੈਸੀ ਚਾਤ੍ਰਿਕ ਪਿਆਸ, ਖਿਨ ਖਿਨ ਬੂੰਦ ਚਵੈ, ਬਰਸ ਸੁਹਾਵੇ ਮੇਹੁ ॥

2) ਗੁਰ ਸੁਪ੍ਰਸੰਨੇ ਮਿਲ ਨਾਹ ਵਿਛੁੰਨੇ ਧਨ ਦੇਦੀ ਸਾਚ ਸੁਨੇਹਾ ॥
ਕਹੁ ਨਾਨਕ ਛੰਤੇ ਅਨੰਤ ਠਾਕੁਰ ਕੇ, ਹਰਿ ਸਿਉ ਕੀਜੈ ਨੇਹਾ, ਮਨ ਐਸਾ ਨੇਹੁ ਕਰੇਹੁ ॥

3) ਨਿਸਿ ਕੁਰੰਕ ਜੈਸੇ ਨਾਦ ਸੁਣਿ ਸ੍ਰਵਣੀ ਹੀਉ ਡਿਵੈ ਮਨ ਐਸੀ ਪ੍ਰੀਤਿ ਕੀਜੈ ॥
ਜੈਸੀ ਤਰੁਣਿ ਭਤਾਰ ਉਰਝੀ ਪਿਰਹਿ ਸਿਵੈ, ਇਹ ਮਨੁ ਲਾਲ ਕੀਜੈ ॥

4) ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਦੁੱਧ ਹੋਇ ॥
ਆਵਟਨ ਆਪੇ ਖਵੈ, ਦੁਧ ਕਉ ਖਪਣਿ ਨੇ ਦੇਇ ॥
ਆਪੇ ਮੇਲਿ ਵਿਛੁੰਨਿਆ, ਸਚਿ ਵਡਿਆਈ ਦੇਇ ॥

5) ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ, ਜੈਸੀ ਮਛਲੀ ਨੀਰ ॥
ਜਿਉ ਅਸਿਕਉ ਤਿਉ ਸੁਖੁ ਘਣੋ, ਮਨ ਤਨ ਸਾਂਤਿ ਸਰੀਰ ॥
ਬਿਨ ਜਲ ਘੜੀ ਨ ਜੀਵਈ, ਪ੍ਰਭ ਜਾਣੈ ਅਭ ਪੀਰ ।

6) ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਾਤ੍ਰਿਕ ਮੇਹ ॥
ਸਰ ਭਰਿ ਥਲ ਹਰੀਆਵਲੇ, ਇਕ ਬੂੰਦ ਨ ਪਵਈ ਦੇਹ ॥
ਕਰਮਿ ਮਿਲੈ ਸੋ ਪਾਈਐ, ਕਿਰਤੁ ਪਇਆ ਸਿਰਿ ਦੇਹ ॥

7) ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਕਵੀ ਸੂਰ ॥
ਖਿਨ ਪਲੁ ਨੀਂਦ ਨ ਸੋਵਈ, ਜਾਣੈ ਦੂਰਿ ਹਜੂਰਿ ॥
ਮਨ ਮੁਖਿ ਸੋਝੀ ਨ ਪਵੈ, ਗੁਰਮੁਖਿ ਸਦਾ ਹਜੂਰਿ ॥

ਇਹਨਾਂ ਪ੍ਰਮਾਣਾਂ ਵਿਚ ਭਾਂਤ ਭਾਂਤ ਦੀ ਪ੍ਰੀਤਾਂ ਦੇ ਉਦਾਹਰਣ ਦੇ ਕੇ ਮਨ ਨੂੰ ਸਮਝਾਇਆ ਗਿਆ ਹੈ ਕਿ ਅਕਾਲ ਪੁਰਖ ਨਾਲ ਇਹੋ ਜਿਹੀ ਪ੍ਰੀਤਿ ਕਰ ।

—0—

# "ਫ਼ਨੇ-ਕੱਵਾਲੀ ਅਤੇ ਇਸ ਫ਼ਨ (ਹੁਨਰ) ਦੇ ਕਲਾਕਾਰ ਕੱਵਾਲ"

(ਪਿਛਲੇ ਅੰਕ ਤੋਂ ਅੱਗੇ) — ਟੀ. ਸੀ. ਨਾਗਪਾਲ

ਕਈ ਵਾਰੀ ਤਾਂ ਆਰਫ਼ਾਨਾ ਵੈਰਾਗ ਮਈ ਕਲਾਮ, ਕਾਫ਼ੀਆਂ ਆਦਿਕ ਇਹਨਾਂ (ਕੱਵਾਲਾਂ ਭਾਈਆਂ) ਦੀ ਸੋਜ਼ ਭਰੀ ਸੁਰੀਲੀ ਸੁਰਾਂ ਦੀ ਮਿਠਾਸ ਰਾਹੀਂ ਮਨੁੱਖੀ ਮਨ ਨੂੰ ਯਾਨੀ ਯਕਸੂਈ ਵਿੱਚ ਆਏ ਸਰੋਤੇ ਨੂੰ ਆਵੇਸ਼ ਦੀ ਹਾਲਤ ਵਿੱਚ ਹੀ ਲੈ ਜਾਂਦੀ ਹੈ।

ਕੱਵਾਲੀ ਸਮੇਂ ਜੋ ਇਕ ਖ਼ਾਸ ਬੰਦਸ਼ ਵਿੱਚ ਸਭ ਕੱਵਾਲਾਂ ਵਲੋਂ ਤਾਲੀ ਵਜਾਈ ਜਾਂਦੀ ਹੈ ਉਹ ਵੀ ਇਸ ਫ਼ਨ ਵਿੱਚ ਸੋਨੇ ਤੇ ਸੁਹਾਗਾ ਬਿਖੇਰਦੀ ਹੈ।

ਕੱਵਾਲੀ ਦੀ ਗਾਇਕੀ ਸਮੇਂ ਬੁਤਾਣਾ ਅਤੇ To the point ਇਸ਼ਾਰਾ ਆਦਿਕ, ਥੋੜ੍ਹੀ ਅਦਾਕਾਰੀ ਭੀ ਬੜੀ ਅਹਿਮੀਅਤ ਅਤੇ ਦਿਲਚਸਪੀ ਦੀ ਹਾਮਿਲ ਹੈ ਅਤੇ ਇਹ ਗਾਏ ਜਾ ਰਹੇ ਸ਼ੇਅਰ ਦੇ ਢੁਕਵੇਂ ਸਮੇਂ ਕੱਵਾਲ ਨੂੰ ਇੰਜ ਕਰਨ ਲਈ ਬਦੋ ਬਦੀ ਮਜਬੂਰ ਭੀ ਕਰ ਦਿੰਦੀ ਹੈ ਅਤੇ ਸਿਆਣਾ ਕੱਵਾਲ ਸੱਜਣ ਕਿਉਂਕਿ ਅਜਿਹੇ ਸਮੇਂ ਖ਼ੁਦ ਵਜਦ ਵਿੱਚ ਆ ਜਾਂਦਾ ਹੈ, ਕਈ ਕੱਵਾਲ ਤਾਂ ਅਜਿਹੇ ਸਮੇਂ ਬੈਠੇ ਬੈਠੇ ਛੇ ਛੇ ਇੰਚ ਉਪਰ ਨੂੰ ਉੱਠ ਜਾਂਦੇ ਹਨ ਪਰ ਗਾਉਣਾ ਵਜਾਉਣਾ ਬੰਦ ਨਹੀਂ ਕਰਦੇ ਬਲਕਿ ਬੇਵਕਫ਼ਾ ਚਾਲੂ ਰੱਖਦੇ ਹਨ। ਕੱਵਾਲੀ ਦੀ ਮਹਿਫ਼ਿਲ ਅਕਸਰ ਰਾਤ ਦੇ ਸਮੇਂ ਹੀ ਭਰਪੂਰ ਪ੍ਰਭਾਵਸ਼ਾਲੀ ਹੁੰਦੀ ਹੈ ਅਤੇ 5-6 ਘੰਟੇ ਤੱਕ ਚਲਦੀ ਰਹਿੰਦੀ ਹੈ। ਉਪਰੰਤ ਕਈ ਸੀਨੀਅਰ ਸੁਚੱਜੇ ਕੱਵਾਲ ਜਦ ਰਮਜ਼ ਭਰੇ ਸ਼ੇਅਰ ਗਾ ਵਜਾ ਕੇ ਪਬਲਿਕ ਸਾਮ੍ਹਣੇ ਪੇਸ਼ ਕਰਦੇ ਹਨ ਜਾਂ ਦੋਹਰੇ ਦੋਹਰੇ ਮਾਅਨਿਆਂ ਵਾਲੀ ਮੁਹਜ਼ਬ ਸ਼ਾਇਰਾਨਾ ਕਲਾਮ put-up ਕਰਦੇ ਹਨ ਤਾਂ ਸਿਆਣੇ ਸਰੋਤੇ ਭੀ ਕੱਵਾਲ ਸੱਜਣਾਂ ਤੋਂ ਵਾਰੀ ਵਾਰੀ ਬਲਿਹਾਰੀ ਜਾਂਦੇ ਹਨ ਅਤੇ ਹੱਥੋਂ ਚੋਖੀ ਮਾਇਆ ਵੀ ਨਿਛਾਵਰ ਕਰਦੇ ਹਨ ਅਤੇ ਦਾਦ ਤਹਿਸੀਨ ਦਿੰਦੇ ਹੋਏ ਇਹਨਾਂ ਕਲਾਕਾਰਾਂ ਦੀ ਹੌਸਲਾ ਅਫ਼ਜ਼ਾਈ ਵੀ ਕਰਦੇ ਹਨ। ਅਜਿਹੇ ਸਮੇਂ ਭਲੇ ਹੀ ਕੱਵਾਲ ਸੱਜਣ ਆਪਣਾ ਪਸੀਨਾ ਸੁਕਾਉਣ ਲਈ ਕੁਲ 10 ਮਿੰਟ ਸਾਹ ਲੈ ਲੈਣ ਅਤੇ ਭਾਵੇਂ ਇਹ ਸਮਾਂ ਉਹਨਾਂ ਨੂੰ ਢਾਈ ਤਿੰਨ ਘੰਟੇ ਦੀ ਗਵਾਈ ਬਾਦ ਹੀ ਮੁਅੱਸਰ ਹੋਇਆ ਹੋਵੇ। ਵੈਸੇ ਮਾਇਆ ਤਾਂ ਆਪ ਸੱਜਣਾਂ ਨੂੰ ਸ਼ੁਰੂ ਤੋਂ ਅਖੀਰ ਤੱਕ ਬੈਠੀ ਹਾਜ਼ਿਰੀ ਵੱਲੋਂ ਅੱਗੇ ਪਿੱਛੇ ਪ੍ਰਦਾਨ ਹੁੰਦੀ ਹੀ ਰਹਿੰਦੀ ਹੈ। ਕਈ ਬਾ-ਜ਼ੌਕ ਸ਼ੌਕ ਸਰੋਤੇ ਤਾਂ ਨੋਟਾਂ ਦੀ ਗੱਠੀ ਲੈ ਕੇ ਕੱਵਾਲਾਂ ਦੀ ਸਟੇਜ ਸਾਮ੍ਹਣੇ ਬੈਠ ਜਾਂਦੇ ਹਨ ਅਤੇ ਬਾਰ-ਬਾਰ ਜਿਉਂ-ਜਿਉਂ ਇਸ ਫ਼ਨ ਤੋਂ ਮੁਤਾਸਿਰ ਹੁੰਦੇ ਹਨ, ਨੋਟ ਨਿਛਾਵਰ ਕਰੀ ਜਾਂਦੇ ਹਨ। ਇਕ ਅਰਜ਼ ਹੋਰ ਕਿ ਇਹ ਗੱਲ ਧਿਆਨ ਯੋਗ ਹੈ ਕਿ ਵਿਆਹ ਸ਼ਾਦੀ ਸਮੇਂ ਜੋ ਲੜਕੀ ਵਾਲਿਆਂ ਦੇ ਘਰ ਬਰਾਤ ਲਈ ਰੋਟੀ ਕਰਨ ਸਮੇਂ 9-10 ਹਲਵਾਈ ਆਉਂਦੇ ਹਨ ਉਹ ਸਾਰੇ ਪੂਰੇ ਕਾਰੀਗਰ ਨਹੀਂ ਹੁੰਦੇ ਕਈ ਤਾਂ ਨਿਰਾ ਪਿਆਜ਼ ਹੀ ਚੀਰਦੇ ਹਨ ਜਾਂ ਮਟਰ ਛਿਲਦੇ ਹਨ ਜਾਂ ਭਿੱਜੀ ਗਿਰੀ ਬਦਾਮ ਤੋਂ ਛਿਲਕਾ ਹੀ ਉਧੇੜਦੇ ਹਨ। ਇਵੇਂ ਹੀ ਬੈਂਡਵਾਜੇ ਦੇ ਸਾਰੇ ਆਦਮੀ ਫ਼ਨਕਾਰ ਨਹੀਂ ਹੁੰਦੇ। ਵਿੱਚ ਐਵੇਂ ਨਕਲੀ ਫੂਕਾਂ ਮਾਰਨ ਵਾਲੇ ਵੀ ਹੁੰਦੇ ਹਨ।

ਵੱਡੀ ਬਿਲਡਿੰਗ ਦੀ ਤਾਮੀਰ ਵਿਚ ਲੱਗੇ ਹੋਏ ਰਾਜ ਤਰਖਾਣ ਭੀ ਇਵੇਂ ਹੀ ਸਾਰੇ ਸਿਆਣੇ ਬੰਦੇ ਨਹੀਂ ਹੁੰਦੇ। ਕਈ ਮਜਦੂਰੋਂ ਰਾਜ ਬਣੇ ਸੱਜਣ ਐਵੇਂ ਮੋਟੀ ਦੀਵਾਰ ਹੀ ਚਿਣ ਸਕਦੇ ਹਨ ਅਤੇ ਤਰਖਾਣ ਦੇ ਸ਼ਾਗਿਰਦ ਸਿਰਫ਼ ਲੱਕੜ ਨੂੰ ਆਰੀ ਦਾ ਚੀਰ ਹੀ ਪਾ ਸਕਦੇ ਹਨ। ਦਾਸ ਉਪਰ ਜ਼ਿਕਰ ਕਰ ਆਇਆ ਹੈ ਕਿ ਕੱਵਾਲ ਸੱਜਣ ਸਟੇਜ ਤੇ 4, 5 ਤੋਂ ਲੈ ਕੇ 9, 10 ਦੇ ਗਰੁੱਪ ਦੀ ਸ਼ਕਲ ਵਿਚ ਬੈਠਦੇ ਹਨ ਪਰ ਇਸ ਦਾ ਭਾਵ ਇਹ ਨਹੀਂ ਕਿ 9, 10 ਕੱਵਾਲ ਸੱਜਣ ਬੈਠੇ ਹੋਣ ਤਾਂ ਉਹ ਸਾਰੇ ਹੀ ਪੂਰੇ ਕਾਰੀਗਰ ਹੁੰਦੇ ਹਨ। ਅਸਲ ਵਿਚ ਸਾਰੇ ਵੱਡੇ ਗਰੁੱਪ ਵਿਚ ਵੱਧ ਤੋਂ ਵੱਧ ਫ਼ਨਕਾਰ ਚਾਰ ਪੰਜ ਹੀ ਹੁੰਦੇ ਹਨ। ਬਾਕੀ ਬਤੌਰ ਸ਼ਾਗਿਰਦ ਹੁਨਰ ਜਾਂ ਕਸਬ ਨੂੰ ਸਿਖਣ ਸਮਝਣ ਲਈ ਹੀ ਬੈਠੇ ਹੁੰਦੇ ਹਨ ਪਰ ਸ੍ਰੋਤਿਆ ਤੇ ਭਲੇ ਹੀ ਇਹ ਪ੍ਰਭਾਵ ਸੁੱਟਿਆ ਜਾਵੇ ਕਿ ਜਿਵੇਂ ਸਾਰੇ ਕੱਵਾਲ ਸੱਜਣ ਪੂਰੇ ਕਾਰੀਗਰ ਹੀ ਹੋਣ। ਹੋਰ ਤਾਂ ਹੋਰ ਸਾਡੇ ਰਾਗੀ ਸੱਜਣ (ਅਮੂਮਨ ਜਿਨ੍ਹਾਂ ਦਾ ਜੱਥਾ ਸਣੇ ਤਬਲਚੀ ਦੇ ਤਿੰਨ ਸੱਜਣ 'ਤੇ ਮੁਸ਼ਤਮਿਲ ਹੁੰਦਾ ਹੈ) ਉਸ ਵਿਚ ਵੀ ਜੋ ਸੱਜਣ ਸਾਈਡ ਤੇ ਹਰਮੋਨੀਅਮ ਉਪਰ ਹੁੰਦਾ ਹੈ, ਉਹ ਅਵੱਲ ਤਾਂ ਕੁਝ ਗਾਉਂਦਾ ਹੀ ਨਹੀਂ ਜੇ ਗਾਵੇ ਭੀ ਤਾਂ ਉਸਦੀ ਨੁੰਮਾਇਆਂ ਆਵਾਜ਼ ਸਰੋਤੇ ਜਾਂ ਸੰਗਤ ਤੱਕ ਨਹੀਂ ਪਹੁੰਚਦੀ ਜਾਂ ਇਉਂ ਕਹਿ ਲਉ ਕਿ ਇਹ ਸੱਜਣ ਆਪਣੇ ਜਥੇਦਾਰ ਜਾਂ ਇੰਚਾਰਜ ਦੀ ਗਾਇਕੀ ਸਿਰਫ਼ ਸੁਣਦਾ ਹੀ ਹੈ, ਬੋਲਦਾ ਗਾਉਂਦਾ ਇਹ Rare ਹੀ ਹੈ। ਪਰ ਸਾਰੇ ਰਾਗੀ ਜਥੇ ਭੀ ਅਜਿਹੇ ਨਹੀਂ ਹੁੰਦੇ। ਸਵਰਗਵਾਸੀ ਭਾਈ ਧਰਮ ਸਿੰਘ ਜੀ ਜ਼ਖ਼ਮੀ ਦਾ ਜਥਾ ਸੀ। ਕਿਆ ਕਹਿਣੇ। ਇਹਨਾਂ ਦੇ ਸਾਥੀ ਹਾਰਮੋਨੀਅਮ ਤੇ ਬੈਠੇ ਭਾਈ ਸਮਸ਼ੇਰ ਸਿੰਘ ਜੀ ਦੇ ਕਿਆ ਕਹਿਣੇ ਭਾਈ ਸੰਤਾ ਸਿੰਘ ਜੀ ਰਾਗੀ (ਸ਼ਗਿਰਦ ਉਸਤਾਦ ਭਾਈ ਸਾਂਈ ਦਿੱਤਾ ਜੀ ਰਬਾਬੀ) ਦੇ ਨਾਲ Side ਤੇ ਵੀ ਇੱਕ ਭਾਈ ਸਮਸ਼ੇਰ ਸਿੰਘ ਬੈਠਿਆ ਕਰਦੇ ਸਨ। ਉਹ ਵੀ ਚੰਗਾ ਸਾਥ ਦਿੰਦੇ।

ਕਿਹਾ ਜਾਂਦਾ ਹੈ ਕਿ ਹਜ਼ਰਤ ਅਮੀਰ ਖੁਸਰੋ ਦੀ ਫ਼ਨੇ-ਕੱਵਾਲੀ ਨੂੰ ਬਹੁਤ ਦੇਣ ਹੈ ਜਾਂ ਕੱਵਾਲੀ ਗਾਇਕੀ ਦੇ ਬਾਨੀ ਹਨ। ਦਾਸ ਇਥੇ ਮਜ਼ਮੂਨ ਕੁਝ ਆਪਣੇ (ਤੁੱਛ ਇਲਮ) ਦੇ ਆਧਾਰ ਤੇ ਅੰਕਿਤ ਕਰ ਰਿਹਾ ਹੈ। ਕੋਈ ਗਲਤੀ ਭਾਸੇ ਤਾਂ ਸੁਚੱਜੇ ਸਿਆਣੇ ਪਾਠਕ ਥੋੜ੍ਹਾ ਜਿਤਾਉਣ ਜਾਂ Point out ਕਰਨ। ਦਾਸ ਧੰਨਵਾਦੀ ਹਵੇਗਾ ਅਤੇ ਮੁਆਫ਼ੀ ਚਾਹੇਗਾ। ਹਜ਼ਰਤ ਅਮੀਰ ਖੁਸਰੋ (R.A.) ਜੀ ਦਾ ਜਨਮ ਸੰਨ 1253 ਈਸਵੀ ਵਿਚ ਹੋਇਆ। ਆਪ ਜੀ ਇਕ ਖ਼ਾਸ ਮਹਾਨ ਆਲਮ ਫ਼ਾਜ਼ਲ Personality ਸਨ। ਆਪ ਜੀ ਉਰਦੂ ਫ਼ਾਰਸੀ ਦੇ ਬਹੁਤ ਵੱਡੇ ਅਜ਼ੀਮ) ਬਾ-ਅਦਬ Sincere ਸ਼ਾਇਰ ਸਨ ਅਤੇ ਫ਼ਨੇ-ਮੌਸੀਕੀ ਦੀ ਭੀ ਆਪ ਜੀ ਨੂੰ ਸਿਖਰ ਦੀ ਮੁਹਾਰਿਤ ਸੀ। ਆਪ ਜੀ ਨੇ ਕਈ ਇਕ ਨਵੇਂ ਰਾਗ ਰਾਗਨੀਆਂ ਦੀ ਈਜਾਦ ਕੀਤੀ। ਆਪ ਜੀ ਨੇ ਪਖਾਵਜ (ਮਰਦੰਗ) ਨੂੰ ਦੋ ਹਿੱਸਿਆਂ ਵਿੱਚ ਵੰਡ ਕੇ ਉਸਨੂੰ (ਨਰ-ਮਾਦਾ) ਦੇ ਰੂਪ ਵਿਚ ਅਲੱਗ ਅਲੱਗ ਕੀਤਾ। ਜਿਸ ਨੂੰ ਬਾਦ-ਅਜ਼ਾਂ ਧਾਮਾ ਅਤੇ ਤਬਲਾ ਕਿਹਾ ਗਿਆ। ਆਪ ਜੀ ਨੇ ਖ਼ਾਨਦਾਨੇ-ਗੁਲਾਮਾਂ ਦੇ ਦੌਰ ਵਿਚ ਆਪਣੀ ਜ਼ਿੰਦਗੀ ਦੇ ਕਾਫ਼ੀ ਸਾਲ ਗੁਜ਼ਾਰੇ ਆਪ ਜੀ ਨੇ ਬਾਦਸ਼ਾਹ ਅਲਾਉਦੀਨ ਖਿਲਜੀ ਦਾ ਦੌਰ ਭੀ ਤਕਿਆ ਅਤੇ ਕੁਝ ਸਮਾਂ ਆਪ ਜੀ ਫ਼ੌਜ ਵਿਚ ਭੀ ਰਹੇ। ਆਪ ਜੀ ਹਜ਼ਰਤ ਨਿਜ਼ਾਮ ਉਦੀਨ (R.A.) ਔਲੀਆ ਦੇ ਪੈਰੋਕਾਰ ਅਤੇ ਦਿਲੋਂ ਮਨੋਂ ਅਕੀਦਤ

ਮੰਦ ਸਨ। ਜਦ ਹਜ਼ਰਤ ਔਲੀਆ R.A ਅੱਲ੍ਹਾ ਨੂੰ ਪਿਆਰੇ ਹੋਏ ਤਾਂ ਆਪ ਜੀ ਭੀ ਉਹਨਾਂ ਤੋਂ ਥੋੜ੍ਹੇ ਹੀ ਸਮੇਂ ਬਾਦ ਸੰਨ 1331 ਈਸਵੀ ਨੂੰ ਇਸ ਨਾ-ਪਾਇਦਾਰ ਦੁਨੀਆਂ ਤੋਂ ਰੁਖ਼ਸਤ ਹੋ ਗਏ।

("ਸ਼ਬ ਜਾਇ ਕਿ ਮਨ ਬੂਦਮ") ਆਪ ਜੀ ਦਾ ਇਕ ਫ਼ਾਰਸੀ ਦਾ ਉਚ ਸ਼ਾਇਰਾਨਾ ਕਲਾਮ ਹੈ। ਜਿਸਨੂੰ ਕਿ ਸਦੀਆਂ ਤੋਂ ਵੱਡੇ ਵੱਡੇ ਚੋਟੀ ਦੇ ਉਸਤਾਦ ਕੱਵਾਲ ਭਾਈ ਬੜੀ ਦਿਲੋਂ ਅਕੀਦਤ ਇਹਤਰਾਮ ਅਤੇ ਚਾਅ ਪਿਆਰ ਨਾਲ ਗਾਉਂਦੇ ਚਲੇ ਆ ਰਹੇ ਹਨ। ਅਤੇ ਅੱਜ ਭੀ ਗਾ ਰਹੇ ਹਨ। ਆਪ ਜੀ ਨੇ 50 ਤੋਂ ਵਧੀਕ ਉਚੇਰੇ ਇਲਮੋ-ਅਦਬ ਦੀਆਂ ਉਰਦੂ, ਫ਼ਾਰਸੀ ਕਿਤਾਬਾਂ ਭੀ ਲਿਖੀਆਂ। ਆਪ ਜੀ ਇਕ All world fame uniqne ਅਵਾਂਮੀ ਅਜ਼ੀਮ ਦਾਨਿਸ਼ਵਰ ਅਤੇ ਕਈ ਇਕ ਇਲਮੀ ਅਦਬੀ ਅਤੇ ਇਖ਼ਲਾਕੀ ਖ਼ੂਬੀਆਂ ਦੇ ਮਾਲਿਕ ਆਰਫ਼ ਅਤੇ ਸੂਫ਼ੀਆ ਇਕਰਾਮ ਅਥੌਰਟੀ ਸਨ।

ਕਦੇ ਕਦੇ ਗਿਣਤੀ ਦੀਆਂ ਸੁਭਾਗੀਆਂ ਮਾਂਵਾਂ ਅਜਿਹੇ ਨਾ-ਨਜ਼ੀਰ ਹੋਣਹਾਰ ਬੱਚਿਆਂ ਨੂੰ ਜਨਮ ਦੇਣ ਲਈ ਸਦੀਆਂ ਬਾਦ ਨਮਿਤ ਬਣਦੀਆਂ ਹਨ ਜੋ ਕਿ ਧੁਰੋਂ ਆਪਣੇ ਪੁਰਾਤਨ ਸ਼ੁਭ ਸੰਸਕਾਰਾਂ ਦੇ ਆਧਾਰ ਤੇ ਪ੍ਰਭੂ ਵੱਲੋਂ ਇਕੱਠੇ ਕਈ ਗੁਣ ਖ਼ੂਬੀਆਂ ਲੈ ਕੇ ਇਸ ਸੰਸਾਰ ਵਿਚ ਆਉਂਦੇ ਹਨ ਅਤੇ ਆਮ ਅਵਾਮ ਨੂੰ ਇੰਜ ਕਈ ਪਹਿਲੂਆਂ ਤੋਂ ਮੁਸਤਫ਼ੀਦ ਕਰਦੇ ਹਨ। ਇਹ ਮਜ਼ਮੂਨ ਕਿਉਂਕਿ ਕਾਫ਼ੀ ਲੰਬਾ ਹੁੰਦਾ ਜਾ ਰਿਹਾ ਹੈ। ਪਰ ਇਸ ਲਈ ਉਘੇ ਉਘੇ ਹੋਏ ਬੀਤੇ ਅਤੇ ਮੌਜੂਦਾ ਸਮੇਂ ਹਾਜ਼ਿਰ ਕਈ ਦਰਜਨਾਂ ਉਸਤਾਦ ਅਤੇ ਸੀਨੀਅਰ ਕੱਵਾਲ ਭਾਈਆਂ ਦਾ ਜ਼ਿਕਰ ਅਤੇ ਉਹਨਾਂ ਦੀ ਕਾਰਗੁਜ਼ਾਰੀ ਦਾ ਤਫ਼ਸੀਲ ਨਾਲ ਬਿਆਨ ਦਾਸ ਅਗਲੀ ਕਿਸ਼ਤ ਵਿਚ ਕਰੇਗਾ। ਜਿਨ੍ਹਾਂ ਵਿਚੋਂ ਜਨਤ-ਨਸੀਬ ਕੱਵਾਲ (ਹਿੰਦ ਪਾਕ ਦੇ ਸਾਂਝੇ) ਸ੍ਰੀ ਫਤਹਿ ਅਲੀ, ਮੁਬਾਰਿਕ ਅਲੀ ਜ਼ੇਰੇ ਫਹਿਰਿਸਤ ਹਨ। ਮੌਜੂਦਾ ਦੌਰ ਵਿਚ ਇਹਨਾਂ ਦੇ ਹੋਣਹਾਰ ਸਾਹਿਬਜ਼ਾਦੇ (ਨੁਸਰਤ ਫਤਹਿ ਅਲੀ) ਮੁਜਾਹਿਦ ਮੁਬਾਰਕ ਅਲੀ ਅੱਜ ਭੀ ਇਸ ਮੁਹਜ਼ਬ-ਕੱਵਾਲੀ ਵਿਚ (ਸ਼ਾਇਦ ਫਿਲਮੀ ਨਹੀਂ) ਪੇਸ਼ ਪੇਸ਼ ਹਨ।

ਉਪਰੰਤ ਇਸੇ ਪਹਿਲੀ ਫਹਿਰਿਸਤ ਵਿਚ ਆਉਣ ਵਾਲੇ ਸਾਡੇ ਬਜ਼ੁਰਗ ਕੱਵਾਲ ਜੰਨਤ ਨਸੀਬ ਸ੍ਰੀ ਰਹਿਮਤ ਕੱਵਾਲ ਸਰਹਿੰਦੀ ਹਨ ਜਿਨ੍ਹਾਂ ਨੇ ਖ਼ੁਦਾ ਦੇ ਫ਼ਜ਼ਲ ਨਾਲ (104) ਸਾਲ ਆਪਣੀ ਹਿਯਾਤੀ ਦਾ ਸਫ਼ਰ ਤੈਅ ਕੀਤਾ। (ਸੰਨ 1878) ਤੋਂ ਸੰਨ 1983 ਮਾਰਚ ਤਕ) ਆਪ ਜੀ ਇੰਜ ਤਕਰੀਬਨ ਇੱਕ ਸਦੀ ਕੱਵਾਲੀ ਦੀ ਦੁਨੀਆਂ ਤੇ ਛਾਏ ਰਹੇ। ਆਪ ਜੀ ਦੇ ਜੀਵਨ ਦੀ ਕਾਰਗੁਜ਼ਾਰੀ ਭੀ ਬੜੀ ਰੌਚਕ ਅਤੇ ਮੁਆਦਲੀ ਹੈ। ਇਨਸ਼ਾ-ਅੱਲ੍ਹਾ ਅਗਲੀ ਕਿਸ਼ਤ ਵਿਚ ਪਾਠਕ ਸੱਜਣ ਵੇਰਵੇ ਨਾਲ ਲਿਖਿਆ ਪੜ੍ਹ ਸਕਣਗੇ। ਇਹਨਾਂ ਦੇ ਹੋਣਹਾਰ ਫ਼ਰਜ਼ੰਦ ਭੀ ਸ੍ਰੀ ਇਰਸ਼ਾਦ-ਰਹਿਮਤ ਕੱਵਾਲ ਐਂਡ ਪਾਰਟੀ ਦੇ ਨਾ ਨਾਲ ਮੌਜੂਦਾ ਸਮੇਂ ਮੈਦਾਨ ਵਿਚ ਹਨ ਅਤੇ ਅਵਾਮ ਵਿਚ ਕਾਫ਼ੀ ਮਕਬੂਲ ਹਨ। ਸ੍ਰੀ ਇਰਸ਼ਾਦ ਜੀ ਦੇ ਵੱਡੇ ਭਾਈ (ਜੋ ਹਾਰਮੋਨੀਅਮ ਤੇ ਸਾਥ ਦਿੰਦੇ ਹਨ) ਜਦ ਸਰਗਮ ਕਦੇ ਪੇਸ਼ ਕਰਦੇ ਹਨ ਤਾਂ ਇਕ ਅਜੀਬ ਜਿਹਾ ਹੀ ਦਿਲ ਖਿੱਚਵਾਂ ਨਜ਼ਾਰਾ ਪੇਸ਼ ਕਰ ਦਿੰਦੇ ਹਨ। ਸਰੋਤੇ ਅਸ਼ ਅਸ਼ ਕਰ ਉੱਠਦੇ ਹਨ। ਖ਼ੈਰ ਸਰੀਰ ਜੇਕਰ ਸਵਸਥ ਰਿਹਾ ਤਾਂ ਅਗਲੀ ਕਿਸ਼ਤ ਵਿਚ ਦਾਸ ਅਰਜ਼ ਕਰੇਗਾ। ਬਾਕੀ ਫੇਰ-ਰੱਬ ਰਾਖਾ। ਕਿਸੇ ਹੋਈ ਗ਼ਲਤੀ ਵਜੋਂ ਖਿਮਾਂ। □

# ਆਸਾ ਦੀ ਵਾਰ ਦਾ ਲੜੀਵਾਰ ਵਿਚਾਰ

ਪ੍ਰੇਮ ਸਿੰਘ 'ਪ੍ਰੇਮ'

(ਪਿਛਲੇ ਅੰਕ ਤੋਂ ਅੱਗੇ)

ਸਲੋਕੁ ਮਹਲਾ ੧

ਭੈ ਵਿਚਿ ਪਵਣੁ ਵਹੈ ਸਦਵਾਉ। ਭੈ ਵਿਚਿ ਚਲਹਿ ਲਖ ਦਰੀਆਉ।
ਭੈ ਵਿਚਿ ਅਗਨਿ ਕਢੈ ਵੇਗਾਰਿ। ਭੈ ਵਿਚਿ ਧਰਤੀ ਦਬੀ ਭਾਰਿ।
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ। ਭੈ ਵਿਚਿ ਰਾਜਾ ਧਰਮ ਦੁਆਰੁ।
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ। ਕੋਹ ਕਰੋੜੀ ਚਲਤ ਨ ਅੰਤੁ।
ਭੈ ਵਿਚਿ ਸਿਧ ਬੁਧ ਸੁਰ ਨਾਥ। ਭੈ ਵਿਚਿ ਆਡਾਣੇ ਆਕਾਸ।
ਭੈ ਵਿਚਿ ਜੋਧ ਮਹਾਬਲ ਸੂਰ। ਭੈ ਵਿਚਿ ਆਵਹਿ ਜਾਵਹਿ ਪੂਰ।
ਸਗਲਿਆ ਭਉ ਲਿਖਿਆ ਸਿਰਿ ਲੇਖੁ। ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ। ੧।

ਵਿਆਖਿਆ :—ਸਾਹਿਬ ਗੁਰੂ ਨਾਨਕ ਪਾਤਸ਼ਾਹ ਇਸ ਉਪਰੋਕਤ ਸਲੋਕ ਵਿਚ ਦੱਸਦੇ ਹਨ ਕਿ ਸਾਰੇ ਉਸ ਅਕਾਲ ਪੁਰਖੁ ਦੇ ਬੱਧੇ ਨੇਮਾਂ ਵਿਚ ਕੰਮ ਕਰ ਰਹੇ ਹਨ ਅਤੇ ਇਹ ਨਿਯਮਾਂ ਦੀ ਹੱਦਬੰਦੀ ਕਰਤੇ ਨੇ ਬੰਨ੍ਹੀ ਹੈ। ਹੱਦਬੰਦੀ ਵਿਚ ਰਹਿਣਾ ਤੇ ਉਸ ਨੂੰ ਉਲੰਘ ਨਾ ਸਕਣਾ, ਕਰਤੇ ਦੀ ਜਿਸ ਸ਼ਕਤੀ ਕਰਕੇ ਹੈ, ਉਹ ਕੀਤੇ ਹੋਇਆ ਲਈ ਉਸ ਦਾ ਭੈ ਹੈ। ਸੰਖੇਪ ਨਾਲ ਸਮਝਣ ਲਈ 'ਭੈ' ਤੋਂ ਮਤਲਬ ਉਹਨਾਂ ਕੁਦਰਤੀ ਨਿਯਮਾਂ ਦਾ ਹੈ ਜੋ ਅਮਿਟ ਹਨ - ਭਾਵ ਇਹੋ ਹੋਇਆ ਕਿ ਪੂਜਯ ਉਹੋ ਹੈ ਜੋ ਨਿਰਭਉ ਹੈ; ਹੋਰ ਸਾਰੇ ਭਉ ਹੇਠ ਹਨ, ਉਹ ਪੂਜਯ ਨਹੀਂ। ਕੁਦਰਤ ਵਿਚ ਭੈ ਵਿਖਾ ਕੇ ਅਗਲੇ ਸਲੋਕ ਵਿਚ ਦਸਿਆ ਹੈ ਕਿ ਰਾਮ ਆਦਿਕ ਅਵਤਾਰ ਵੀ ਭੈ ਰੂਪੀ ਨਿਯਮ ਬੱਧ ਹਨ। ਇਕੋ ਆਪ ਅਕਾਲ ਪੁਰਖੁ ਨਿਰੰਕਾਰ ਨਿਰਭਉ ਹੈ।

ਮਹਲਾ ੧ ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ।
ਕੇਤੀਆ ਕੰਨ ਕਹਾਣੀਆ ਕੇਤੇ ਬੇਦ ਬੀਚਾਰ।
ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ।
ਬਾਜਾਰੀ ਬਜਾਰ ਮਹਿ ਆਇ ਕਢਹਿ ਬਾਜਾਰ।
ਗਾਵਹਿ ਰਾਜੇ ਰਾਣੀਆ ਬੋਲਹਿ ਆਲ ਪਤਾਲ।
ਲਖ ਟਕਿਆ ਕੇ ਮੁੰਦੜੇ ਲਖ ਟਕਿਆ ਕੇ ਹਾਰ।
ਜਿਤੁ ਤਨਿ ਪਾਈਅਹਿ ਨਾਨਕਾ ਸੇ ਤਨ ਹੋਵਹਿ ਛਾਰ।।
ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ।
ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ। ੧

ਵਿਆਖਿਆ : ਨਾਨਕ ਪਾਤਸ਼ਾਹ ਇਸ ਸਲੋਕ ਵਿਚ ਮਿਸਾਲ ਦੇ ਕੇ ਦ੍ਰਿੜ ਕਰਵਾਉਂਦੇ ਹਨ ਕਿ ਇਕ ਵਾਹਿਗੁਰੂ ਅਕਾਲ ਪੁਰਖੁ ਹੀ ਹੈ ਜੋ ਭਉ ਤੋਂ ਰਹਿਤ ਹੈ, ਹੋਰ ਕਿਤਨੇ ਹੀ

ਰਾਮ ਕ੍ਰਿਸ਼ਨ ਆਦਿ ਅਵਤਾਰਾਂ ਦੀਆਂ ਕਹਾਣੀਆਂ ਚਲ ਰਹੀਆਂ ਹਨ । ਇਹ ਸਭ ਅਕਾਲ ਪੁਰਖ ਦੀ ਬੰਦਗੀ ਦੇ ਅੱਗੇ ਤੁਛ ਹਨ । ਸੋ ਰਾਮ -ਕਿਸ਼ਨ ਨੂੰ ਪਰਮੇਸ਼ਰ ਬਿਆਨ ਕਰਨ ਵਾਲੇ ਰਾਸਾਂ ਤੇ ਲੀਲਾ ਪਾ ਕੇ ਲੋਕਾਂ ਤੋਂ ਪੈਸੇ ਬਟੋਰਨ ਤੋਂ ਇਲਾਵਾ ਹੋਰ ਕੋਈ ਭਗਤੀ ਨਹੀਂ ਕਰ ਰਹੇ ਹੁੰਦੇ । ਜੋ ਬਾਜ਼ਾਰਾ ਵਿਚ ਸਵਾਂਗ ਭਰ ਕੇ ਤੇ ਲੀਲਾ ਕਰਦੇ ਰਾਸਧਾਰੀ ਲੋਕ ਹਨ, ਇਹਨਾਂ ਨੂੰ ਮੰਗਤਿਆਂ ਦੇ ਤੁਲ ਹੀ ਸਮਝੋ. ਜੋ ਅਵਾ-ਤਵਾ ਬੋਲ ਕੇ ਨੱਚ ਟੱਪ ਕੇ ਨਾਟਕ ਕਰਕੇ ਲੋਕਾਂ ਦਾ ਦਿਲ ਪਰਚਾਵਾ ਕਰਕੇ ਆਪਣੇ ਲਾਭ ਲਈ ਮਾਇਆ ਬਟੋਰਨ ਦੇ ਕੰਮ ਕਰਦੇ ਹਨ; ਇਸ ਵਿਚ ਗਿਆਨ ਵਾਲੀ ਕੋਈ ਗੱਲ ਨਹੀਂ ਹੁੰਦੀ । ਗਿਆਨ ਤਾਂ ਸਾਈਂ ਦੀ ਮਿਹਰ ਸਦਕਾ ਸੁਤੇ ਸਿਧ ਮਿਲ ਸਕਦਾ ਹੈ, ਲੋਕ ਵਿਖਾਵਿਆਂ ਨਾਲ ਕਹੀਂ । ਵਿਖਾਵੇ ਤਾਂ ਕੇਵਲ ਖੱਜਲ ਖੁਆਰੀ ਹੀ ਹਨ ।

ਪਾਉੜੀ :

ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰ ਪਾਇਆ ।
ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ ।
ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭਿ ਸੁਣਿਅਹੁ ਲੋਕ ਸਬਾਇਆ ।
ਸਤਿਗੁਰਿ ਮਿਲਿਐ ਸਚੁ ਪਾਇਆ ਜਿਨੀ ਵਿਚਹੁ ਆਪ ਗਵਾਇਆ ।
ਜਿਨਿ ਸਚੋ ਸਚੁ ਬੁਝਾਇਆ । ੪

ਵਿਆਖਿਆ : ਪਉੜੀ ਵਿਚ ਵਾਹਿਗੁਰੂ ਅਕਾਲ ਪੁਰਖ ਦੀ ਮਿਹਰ ਦਾ ਜ਼ਿਕਰ ਕਰਦਿਆਂ ਹਜ਼ੂਰ ਗੁਰੂ ਨਾਨਕ ਪਾਤਸ਼ਾਹ ਦੱਸਦੇ ਹਨ ਕਿ ਅਕਾਲ ਪੁਰਖ ਦੀ ਮਿਹਰ ਸਦਕਾ ਸਤਿਗੁਰ ਪ੍ਰਾਪਤ ਹੁੰਦਾ ਹੈ। ਮਨੁੱਖਾ ਜਨਮ ਤੋਂ ਪਹਿਲਾਂ ਇਹ ਜੀਵ ਬਹੁਤ ਜਨਮਾਂ ਵਿਚ ਭਰੰਮ ਸਦਕਾ ਭਟਕਿਆ ਹੀ ਪਿਆ ਰਿਹਾ ਹੈ ਜਿਵੇਂ "ਕਈ ਜਨਮ ਭਏ ਕੀਟ ਪਤੰਗਾ... ਕਈ ਜਨਮ ਪੰਖੀ ਸਰਪ ਹੋਇਓ ।" ਹੁਣ ਜਦ ਵਾਹਿਗੁਰੂ ਦੀ ਬਖਸ਼ਿਸ਼ ਸਦਕਾ ਇਹ ਮਨੁੱਖਾ ਜਨਮ ਮਿਲਿਆ ਹੈ ਤਾਂ ਇਸ ਨੂੰ ਸਾਧ-ਸੰਗਤ ਵਿਚ ਸ਼ਬਦ ਨਾਲ ਮਨ ਲਗਾ ਕੇ ਉਸ ਦੀ ਉਸਤਤ ਕਰਨ ਸੁਣਨ ਸਦਕਾ ਨਾਮ ਬਾਣੀ ਰਾਹੀਂ ਭਰਮ ਮੁਕਾ ਕੇ ਸਫ਼ਲ ਕੀਤਾ ਜਾ ਸਕਦਾ ਹੈ । ਸੋ ਸਾਰੇ ਲੋਕੋ ਸੁਣ ਲਵੋ ਸ਼ਬਦ ਦੀ ਕਮਾਈ ਰਾਹੀਂ ਹੀ ਭਟਕਨਾ ਦੂਰ ਹੋ ਸਕਦੀ ਹੈ । ਸੋ ਸਤਿਗੁਰ ਜਿਹਾ ਦਾਤਾ ਹੋਰ ਕੋਈ ਹੈ ਹੀ ਨਹੀਂ । ਸੋ ਸਤਿ ਸੰਗਤਿ ਵਿਚ ਸ਼ਬਦ ਦੀ ਕਮਾਈ ਸਦਕਾ ਹੀ ਉਸ ਸੱਚੇ ਨਾਲ ਮਿਲਾਪ ਹੋ ਸਕਦਾ ਹੈ ਅਤੇ ਅੱਗੋਂ ਕਈ ਜਨਮਾਂ ਦਾ ਗੇੜ ਮੁਕਾਇਆ ਜਾ ਸਕਦਾ ਹੈ । ਭਉ ਨੂੰ ਗਵਾ ਕੇ ਉਸ ਦੀ ਬਖਸ਼ਿਸ਼ ਨਾਲ ਹੀ ਉਸ ਨਾਲ ਮਿਲਾਪ, ਆਤਮਾ ਦਾ ਪਰਮਾਤਮਾ ਨਾਲ ਮੇਲ ਸਤਿਗੁਰਾਂ ਦੀ ਕਿਰਪਾ ਸਦਕਾ, ਸ਼ਬਦ ਦੀ ਕਮਾਈ ਨਾਲ ਇੰਜ ਹੋ ਜਾਵੇਗਾ ਜਿਵੇ :—

ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ।
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥

(ਚਲਦਾ)

# ਗੁਰੂ ਨਾਨਕ ਅਨਮੋਲ ਬਚਨ

(ਅੰਕ ਨੰ ਤੋਂ ਅੱਗੇ) —ਪ੍ਰਿੰ. ਹਰਭਜਨ ਸਿੰਘ

13—(੫੭) ਆਪੁ ਪਛਾਣੈ ਘਰਿ ਵਸੈ ਹਉਮੈ ਤ੍ਰਿਸਨਾ ਜਾਇ ॥

आपु पछाणै घरि वसै हउमै त्रिसना जाइ ॥

By knowing his own self man abides in his own home (self) and his ego and desire depart.

14—(੫੯) ਆਸਾ ਮਨਸਾ ਮੋਹਣੀ ਗੁਰਿ ਠਾਕੀ ਸਚੁ ਬੋਲੁ ॥

आसा मनसा मोहिणी गुरि ठाकी सचु बोलु ॥

Hope and desire, which allure all, are stilled by the Guru, whose word is true.

15—(੬੧) ਆਖਣਿ ਆਖਹਿ ਕੇਤੜੇ ਗੁਰ ਬਿਨੁ ਬੂਝ ਨ ਹੋਇ ॥

आखणि आखहि केतड़े गुर बिनु बूझ न होइ ॥

Many a man preach sermons, but without the true Guru, divine wisdom is obtained not.

16—(੬੨) ਆਗੈ ਪੂਛ ਨ ਹੋਵਈ ਜਿਸੁ ਬੇਲੀ ਗੁਰੁ ਕਰਤਾਰੁ ॥

आगै पूछ न होवई जिसु बेली गुरु करतारु ॥

Whose friend is the great God; he is not questioned hereafter.

The Lord alone is, who else can there be ?

17—(੧੪੪) ਅਸਤਿ ਏਕ ਦਿਗਰਿ ਕੁਈ ॥

ਏਕ ਤੁਈ ਏਕ ਤੁਈ ॥

असति एक दिगरि कुई एक तुई एक तुई ॥

Thou alone art, O' Lord ! Thou alone.

# ਆਸਾ ਮਹਲਾ ੫ (੩੯੫)

ਪਾਵਤੁ ਰਲੀਆ, ਜੋਬਨਿ ਬਲੀਆ ॥ ਨਾਮ ਬਿਨਾ ਮਾਟੀ ਸੰਗਿ ਰਲੀਆ ॥੧॥
ਕਾਨ ਕੁੰਡਲੀਆਂ, ਬਸਤ੍ਰ ਓਢਲੀਆ ॥ ਸੇਜ ਸੁਖਲੀਆ, ਮਨਿ ਗਰਬਲੀਆ ॥੧॥ ਰਹਾਉ ॥
ਤਲੈ ਕੁੰਚਰੀਆ, ਸਿਰਿ ਕਨਿਕ ਛਤਰੀਆ ॥ ਹਰਿ ਭਗਤਿ ਬਿਨਾ, ਲੇ ਧਰਨਿ ਗਡਲੀਆ॥੨॥
ਰੂਪ ਸੁੰਦਰੀਆ, ਅਨਿਕ ਇਸਤਰੀਆ ॥ ਹਰਿ ਰਸ ਬਿਨੁ ਸਭਿ ਸੁਆਦ ਫਿਕਰੀਆ ॥ ੩ ॥
ਮਾਇਆ ਛਲੀਆ, ਬਿਕਾਰ ਬਿਖਲੀਆ ॥ ਸਰਣਿ ਨਾਨਕ ਪ੍ਰਭ ਪੁਰਖੁ ਦਇਅਲੀਆ
॥੪॥੪॥੫੫॥

**ਅਰਥ :—** (ਹੇ ਭਾਈ ! ਮਨੁੱਖ) ਕੰਨਾਂ ਵਿਚ (ਸੋਨੇ ਦੇ) ਕੁੰਡਲ ਪਾ ਕੇ (ਸੋਹਣੇ ਸੋਹਣੇ) ਕੱਪੜੇ ਪਹਿਨਦਾ ਹੈ, ਨਰਮ ਨਰਮ ਬਿਸਤ੍ਰਿਆਂ ਉਤੇ (ਸੌਂਦਾ ਹੈ), (ਤੇ ਇਹਨਾਂ ਮਿਲ ਹੋਏ ਸੁੱਖਾਂ ਦਾ ਆਪਣੇ ਮਨ ਵਿਚ ਮਾਣ ਕਰਦਾ ਹੈ (ਪਰ ਇਹ ਨਹੀਂ ਸਮਝਦਾ ਕਿ ਇਹ ਸਰੀਰ ਆਖਿਰ ਮਿੱਟੀ ਹੋ ਜਾਣਾ ਹੈ, ਇਹ ਪਦਾਰਥ ਇਥੇ ਹੀ ਰਹਿ ਜਾਣੇ ਹਨ। ਸਦਾ ਦਾ ਸਾਥ ਨਿਬਾਹੁਣ ਵਾਲਾ ਸਿਰਫ ਪਰਮਾਤਮਾ ਦਾ ਨਾਮ ਹੀ ਹੈ) ।੧।

(ਹੇ ਭਾਈ ! ਜਿਤਨਾ ਚਿਰ) ਜੁਆਨੀ ਵਿਚ (ਸਰੀਰਕ) ਤਾਕਤ ਮਿਲੀ ਹੋਈ ਹੈ (ਮਨੁੱਖ ਬੇਪ੍ਰਵਾਹ ਹੋ ਕੇ) ਮੌਜਾਂ ਮਾਣਦਾ ਰਹਿੰਦਾ ਹੈ, ਸਰੀਰ ਆਖ਼ਿਰ ਮਿੱਟੀ ਨਾਲ ਮਿਲ ਜਾਂਦਾ ਹੈ, (ਤੇ ਜੀਵਾਤਮਾ) ਪਰਮਾਤਮਾ ਦੇ ਨਾਮ ਤੋਂ ਬਿਨਾ (ਖਾਲੀ ਹੱਥ) ਹੀ ਰਹਿ ਜਾਂਦਾ ਹੈ ।੧।

(ਹੇ ਭਾਈ ! ਮਨੁੱਖ ਨੂੰ ਜੇ ਸਵਾਰੀ ਕਰਨ ਵਾਸਤੇ ਆਪਣੇ) ਹੇਠ ਹਾਥੀ (ਭੀ ਮਿਲਿਆ ਹੋਇਆ ਹੈ, ਤੇ ਉਸ ਦੇ) ਸਿਰ ਉਤੇ ਸੋਨੇ ਦਾ ਛਤਰ ਝੂਲ ਰਿਹਾ ਹੈ, (ਤਾਂ ਭੀ ਸਰੀਰ ਆਖਿਰ) ਧਰਤੀ ਵਿਚ ਹੀ ਮਿਲਾਇਆ ਜਾਂਦਾ ਹੈ (ਇਹਨਾ ਪਦਾਰਥਾਂ ਦੇ ਮਾਣ ਵਿਚ ਮਨੁੱਖ) ਪਰਮਾਤਮਾ ਦੀ ਭਗਤੀ ਤੋਂ ਵਾਂਜਿਆ ਹੀ ਰਹਿ ਜਾਂਦਾ ਹੈ ।੨।

(ਹੇ ਭਾਈ ! ਜੇ) ਸੋਹਣੇ ਰੂਪ ਵਾਲੀਆਂ ਅਨੇਕਾਂ ਇਸਤ੍ਰੀਆਂ (ਭੀ ਮਿਲੀਆਂ ਹੋਈਆਂ ਹਨ ਤਾਂ ਭੀ ਕੀਹ ਹੋਇਆ ?) ਪਰਮਾਤਮਾ ਦੇ ਨਾਮ ਦੇ ਸੁਆਦ ਦੇ ਟਾਕਰੇ ਤੇ (ਦੁਨੀਆ ਵਾਲੇ ਇਹ ਸਾਰੇ ਸੁਆਦ ਫਿੱਕੇ ਹਨ ।੩।

(ਹੇ ਭਾਈ ! ਚੇਤਾ ਰੱਖੋ ਕਿ) ਮਾਇਆ ਠੱਗਣ ਵਾਲੀ ਹੀ ਹੈ (ਆਤਮਕ ਜੀਵਨ ਦਾ ਸਰਮਾਇਆ ਲੁੱਟ ਲੈਂਦੀ ਹੈ), (ਦੁਨੀਆਂ ਦੇ ਵਿਸ਼ੇ) ਵਿਕਾਰ ਜ਼ਹਰ ਭਰੇ ਹਨ (ਆਤਮਕ ਮੌਤ ਦਾ ਕਾਰਨ ਬਣਦੇ ਹਨ)।

ਹੇ ਨਾਨਕ ! (ਆਖ) ਹੇ ਪ੍ਰਭੂ ! ਹੇ ਦਇਆਲ ਪੁਰਖ ! ਮੈਂ ਤੇਰੀ ਸਰਨ ਆਇਆ ਹਾਂ (ਮੈਨੂੰ ਇਸ ਮਾਇਆ ਤੋਂ ਇਹਨਾਂ ਵਿਕਾਰਾਂ ਤੋਂ ਬਚਾਈ ਰੱਖ) ।੪।੪।੫੫।

# ਰਾਗ ਆਸਾ

ਸ. ਉਤਮ ਸਿੰਘ

ਠਾਠ —ਬਿਲਾਵਲ  ਵਰਜਤ—ਗ, ਨ, ਆਰੋਹ  ਸਮਾਂ ਸਵੇਰ

ਜਾਤ —ੳ-ਸੱ  ਵਾਦੀ—ਮ, ਸੰਵਾਦੀ – ਸ,

ਆਰੋਹ : ਸ ਰ ਮ ਪ ਧ ਸਂ,  ਅਵਰੋਹ – ਸਂ ਨ ਧ ਪ ਮ ਗ ਰ ਸ

ਪਕੜ— ਪ ਧ ਪ ਮ ਗ ਰ,  ਸ ਰ ਗ S ਰ ਗ

ਤਾਲ : ਝਪ

| ਮਾਤ੍ਰਾ | 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|---|
| ਚਿੰਨ੍ਹ ਤਾਲੀ/ਖਾਲੀ | X | | 2 | | | O | | 3 | | |
| ਸਥਾਈ | ਮ | ਗ | ਰ | ਸ | ਸ | ਰ | ਸ | ਸ | — | — |
| | ਕਾ | S | ਨ | S | ਕੂੰ | ਡ | ਲੀ | ਆ | S | S |
| | ਰ | ਮ | ਮ | ਮ | ਮ | ਪ | ਮ | ਮਪ | ਸਂਧਂ | S |
| | ਬ | S | ਸਤ੍ਰ | S | ੳ | ਢ | ਲੀ | ਆ | S | S |
| | ਪ | ਧ | ਪ | ਮ | ਮ | ਪ | ਮ | ਗ | ਰ | — |
| | ਸੇ | S | ਜ | S | ਸੁ | ਖ | ਲੀ | ਆ | S | S |
| | ਮ | ਗ | ਰ | ਸ | ਸ | ਰ | ਰ | ਸ | — | — |
| | ਮ | ਨਿ | ਗ | S | ਰ | ਬ | ਲੀ | ਆ | S | S |
| ਅੰਤਰਾ | ਗ | — | ਪਾ | — | ਧ | ਸਂ | ਸਂ | ਸਂ | — | — |
| | ਪਾ | S | ਵ | S | ਤ | ਰ | ਲੀ | ਆ | S | S |
| | ਸਂ | ਰਂ | ਗਂ | ਰਂ | ਸਂ | ਸਂ | ਨ | ਧ | ਪ | — |
| | ਜੋ | S | ਬ | S | ਨਿ | ਬ | ਲੀ | ਆ | S | S |
| | ਧ | — | ਧ | — | ਧ | ਪ | ਧ | ਸਂ | ਨ | ਧ |
| | ਨਾ | S | ਮ | S | ਬਿ | ਨਾ | S | S | S | ਮਾ |
| | ਪ | — | ਗ | — | ਸ | ਰ | ਰ | ਸ | — | — |
| | ਟੀ | S | ਸਂ | S | ਗਿ | ਰ | ਲੀ | S | S | S |

ਸਨਮਾਨਿਤ ਕੀਰਤਨੀਏ

# ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ

—ਜਾਗੀਰ ਸਿੰਘ

ਇਹ ਰਾਗੀ ਜਥਾ ਭਾਈ ਮਰਦਾਨਾ ਤੋਂ ਚਲੀ ਆ ਰਹੀ ਰਬਾਬੀ ਪਰੰਪਰਾ ਨਾਲ ਸੰਬੰਧ ਰਖਦਾ ਹੈ। ਇਸ ਵੇਲੇ ਇਸ ਪਰੰਪਰਾ ਦੇ ਜਥਿਆ 'ਚੋਂ ਸਭ ਤੋਂ ਵੱਧ ਪ੍ਰਸਿੱਧ ਹੈ। ਇਹ ਜਥਾ ਧਾਰਮਿਕ ਦੀਵਾਨਾਂ 'ਤੇ ਆਮ ਸਰੋਤਿਆਂ ਦੀ ਮੰਗ ਅਤੇ ਫੈਸ਼ਨ ਅਨੁਸਾਰ ਨਹੀਂ ਗਾਉਂਦਾ ਸਗੋਂ ਕਲਾਸੀਕਲ ਰਾਗਾਂ ਵਿਚ ਕੀਰਤਨ ਕਰਦਾ ਹੈ। ਇਸ ਰਾਗੀ ਜਥੇ ਦੇ ਪ੍ਰਮੁੱਖ ਰਾਗੀ ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ ਦੋਵੇਂ ਭਰਾ ਹਨ। ਦੋਵੇਂ ਹੀ ਗਾਇਨ ਵਿਚ ਚੰਗੀ ਮੁਹਾਰਤ ਰਖਦੇ ਹਨ। ਇਹ ਇਤਨੀ ਸੂਝ ਅਤੇ ਬਾਰੀਕੀ ਨਾਲ ਇਕ ਸੁਰ ਤੋਂ ਦੂਜੀ ਸੁਰ ਤਕ ਮੀਂਡ ਲੈਂਦੇ ਹਨ ਅਤੇ ਤਾਨਾਂ ਇਤਨੀਆਂ ਦਾਣੇਦਾਰ ਹੁੰਦੀਆਂ ਹਨ ਕਿ ਸਰੋਤੇ ਵਾਹ-ਵਾਹ ਕਰ ਉਠਦੇ ਹਨ।

ਭਾਈ ਦਿਲਬਾਗ ਸਿੰਘ ਦੀ ਆਵਾਜ਼ ਗੰਭੀਰ ਹੈ। ਆਪ ਨੂੰ ਸਧਾਰਨ ਗੱਲਬਾਤ ਕਰਨ ਵੇਲੇ ਹੱਕ ਪੈਂਦੀ ਹੈ ਭਾਵ ਜ਼ੁਬਾਨ ਰੁਕ ਜਾਂਦੀ ਹੈ ਪਰ ਕੀਰਤਨ ਕਰਨ ਵੇਲੇ ਇਸ ਦਾ ਬਿਲਕੁਲ ਪਤਾ ਨਹੀਂ ਲਗਦਾ, ਕਿਉਂਕਿ ਆਪ ਨੇ ਇਸ ਔਗੁਣ ਨੂੰ ਵੀ ਆਪਣੀ ਮਿਹਨਤ ਨਾਲ ਗਾਇਕੀ ਨੂੰ ਸਿੰਗਾਰਨ ਵਾਲੀ ਇਕ ਤਾਨ ਵਿਚ ਪ੍ਰਵਰਤਿਤ ਕਰ ਲਿਆ ਹੈ। ਸੰਗੀਤ ਵਿਚ ਇਸ ਤਾਨ ਨੂੰ 'ਗਮਕ ਤਾਨ' ਕਹਿੰਦੇ ਹਨ। ਇੰਜ ਆਪ ਦੀ ਇਹ ਸਰੀਰਕ ਕਮੀ ਇਕ ਵਰਦਾਨ ਹੀ ਬਣ ਗਈ ਹੈ। ਭਾਈ ਗੁਲਬਾਗ ਸਿੰਘ ਦੀ ਆਵਾਜ਼ ਤਿੱਖੀ ਹੈ ਅਤੇ ਇਹ ਤੇਜ਼ ਉੱਚੀ ਤਾਨ ਲੈਣ ਵਿਚ ਮਾਹਿਰ ਹਨ। ਇੰਜ ਦੋਵੇਂ ਭਰਾ ਗਾਇਕੀ ਵਿਚ ਇਕ ਦੂਜੇ ਦੇ ਪੂਰਕ ਬਣ ਜਾਂਦੇ ਹਨ। ਜਦੋਂ ਇਕੱਠੇ ਗਾਉਂਦੇ ਹਨ ਤਾਂ ਇਕ ਆਨੂਠਾ ਮਾਹੌਲ ਤਾਰੀ ਹੋ ਜਾਂਦਾ ਹੈ।

ਭਾਈ ਦਿਲਬਾਗ ਸਿੰਘ ਦਾ ਪਿੰਡ ਬੱਦਲਾ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਹੈ। ਰਬਾਬੀ ਖ਼ਾਨਦਾਨ ਵਿਚ ਜਨਮ ਹੋਣ ਕਰਕੇ ਇਹਨਾਂ ਨੂੰ ਬਚਪਨ ਤੋਂ ਹੀ ਸੰਗੀਤਕ ਵਾਤਾਵਰਣ ਮਿਲਿਆ। ਇਹਨਾਂ ਦੇ ਪਿਤਾ ਜੀ ਤਬਲਾ ਵਜਾਉਂਦੇ ਸਨ ਤੇ ਨਾਨਾ ਭਾਈ ਨੰਦ ਜੀ ਆਪਣੇ ਸਮੇਂ ਦੇ ਚੰਗੇ ਗਾਇਕਾਂ ਵਿਚੋਂ ਸਨ। ਭਾਈ ਦਿਲਬਾਗ ਸਿੰਘ ਨੇ ਰਬਾਬੀ ਕੀਰਤਨ ਪ੍ਰਣਾਲੀ ਦੇ ਸੰਗੀਤ ਦੀ ਸਿੱਖਿਆ ਆਪਣੇ ਨਾਨਾ ਜੀ ਤੋਂ ਪ੍ਰਾਪਤ ਕੀਤੀ ਅਤੇ ਕਲਾਸੀਕਲ ਸੰਗੀਤ ਦੀ ਸਿੱਖਿਆ ਦਸੂਹੇ ਵਾਲੇ ਪੰਡਤ ਬਾਊ ਰਾਮ ਜੀ ਤੋਂ ਲਈ।

ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ ਕੇਵਲ ਕੀਰਤਨ ਹੀ ਨਹੀਂ ਕਰਦੇ ਸਗੋਂ ਕਲਾਸੀਕਲ ਗਾਇਨ ਦੇ ਪ੍ਰੋਗਾਮ ਵੀ ਦਿੰਦੇ ਹਨ। ਇਸ ਸੰਗੀਤ ਦਾ ਪਹਿਲਾ ਪ੍ਰੋਗਰਾਮ ਇਹਨਾਂ ਨੇ ਬਾਬਾ ਭੰਡਾਰੀ ਦੇ ਸੰਗੀਤ ਮੇਲੇ ਤੇ ਬਸੰਤ ਪੰਚਮੀ ਵਾਲੇ ਦਿਨ ਪੇਸ਼ ਕੀਤਾ ਸੀ। ਉਦੋਂ ਉਸ ਪ੍ਰੋਗਾਮ ਵਿਚ ਚੋਟੀ ਦੇ ਗਾਇਕ ਉਸਤਾਦ ਨਜ਼ਾਕਤ ਅਲੀ ਖਾਂ, ਸਲਾਮਤ ਅਲੀ

ਥਾਂ, ਪੰਡਤ ਓਂਕਾਰ ਨਾਥ ਠਾਕੁਰ, ਸ੍ਰੀ ਪਟਵਰਧਨ ਵਰਗੇ ਕਲਾਕਾਰ ਪੁੱਜੇ ਹੋਏ ਸਨ। ਫਿਰ ਇਸ ਗਾਇਕ ਜੋੜੀ ਨੇ ਹਰਬਲਭ ਦੇ ਸੰਗੀਤ ਮੇਲੇ 'ਤੇ 1980 ਵਿਚ ਗਾਇਆ, ਜਿਸ ਤੇ ਕਲਾਸੀਕਲ ਸੰਗੀਤ ਸੁਣਨ ਵਾਲੇ ਸਰੋਤੇ ਬਹੁਤ ਪ੍ਰਭਾਵਿਤ ਹੋਏ। ਉਦੋਂ ਤੋਂ ਇਹ ਹਰ ਸਾਲ ਇਸ ਪ੍ਰੋਗਾਮ ਵਿਚ ਹਿੱਸਾ ਲੈਂਦੇ ਹਨ। ਕਾਨਪੁਰ (ਯੂ. ਪੀ.) ਵਿਚ ਅਵਧ ਬਿਹਾਰੀ ਦੇ ਸੰਗੀਤ ਮੇਲੇ ਵਿਚ ਗਾ ਕੇ ਵੀ ਇਸ ਜੋੜੀ ਨੇ ਚੰਗੀ ਵਾਹ-ਵਾਹ ਖੱਟੀ ਹੈ। ਹੁਣ ਵੀ ਆਪ ਜਲੰਧਰ ਰੇਡੀਓ ਤੇ ਕਲਾਸੀਕਲ ਗਾਇਨ ਸੰਗੀਤ ਪੇਸ਼ ਕਰਦੇ ਰਹਿੰਦੇ ਹਨ।

ਭਾਵੇਂ ਆਪ ਖਿਆਲ, ਠੁਮਰੀ, ਗਜ਼ਲ, ਕੱਵਾਲੀ ਆਦਿ ਗਾ ਲੈਂਦੇ ਹਨ ਪਰ ਆਪ ਦਾ ਵਿਚਾਰ ਹੈ ਕਿ ਜੋ ਅਨੰਦ ਅਤੇ ਅਤੇ ਸੰਤੁਸ਼ਟੀ ਗੁਰਬਾਣੀ ਦਾ ਕੀਰਤਨ ਕਰਕੇ ਮਿਲਦੀ ਹੈ, ਉਹ ਦੁਰਲਭ ਹੈ। ਆਪ ਕੀਰਤਨ ਨੂੰ ਪ੍ਰਮੁੱਖਤਾ ਦਿੰਦੇ ਹਨ ਤੇ ਇਸੇ ਨੂੰ ਹੀ ਆਪਣੀ ਰੋਜ਼ੀ ਦਾ ਸਾਧਨ ਬਣਾਇਆ ਹੋਇਆ ਹੈ। ਆਪ ਨੇ ਕੀਰਤਨ ਦਾ ਪਹਿਲਾ ਪ੍ਰਸਿੱਧ ਪ੍ਰੋਗਰਾਮ 1974 ਵਿਚ ਗੁਰਦੁਆਰਾ ਸ੍ਰੀ ਮੰਜੀ ਸਾਹਿਬ, ਅੰਮ੍ਰਿਤਸਰ ਵਿਖੇ ਹੋਏ ਕੀਰਤਨ ਦਰਬਾਰ ਵਿਚ ਪੇਸ਼ ਕੀਤਾ। ਇਸ ਕੀਰਤਨ ਦਰਬਾਰ ਵਿਚ ਰਾਗੀਆਂ ਨੂੰ ਹਦਾਇਤ ਹੁੰਦੀ ਹੈ ਕਿ ਉਹ ਗੁਰੂ ਰਾਮ ਦਾਸ ਜੀ ਦਾ ਇਕ ਸ਼ਬਦ ਜਿਸ ਰਾਗ ਵਿਚ ਉਹ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਉਸੇ ਰਾਗ ਵਿਚ ਗਾਉਣ ਅਤੇ ਦੂਜਾ ਸ਼ਬਦ ਗੁਰਮਤ ਰੀਤ ਗਾਇਕੀ ਦੇ ਆਧਾਰ 'ਤੇ ਗਾਉਣਾ ਹੁੰਦਾ ਹੈ। ਆਪ ਦੇ ਰਾਗੀ ਜਥੇ ਨੇ ਦੋਹਾਂ ਤਰ੍ਹਾਂ ਦੀ ਗਾਇਕੀ ਵਿਚ ਕਮਾਲ ਕੀਤਾ ਹੈ ਅਤੇ ਉਦੋਂ ਤੋਂ ਹੀ ਕੀਰਤਨ ਖੇਤਰ ਵਿਚ ਆਪ ਦੀ ਪ੍ਰਸਿੱਧੀ ਸ਼ੁਰੂ ਹੁੰਦੀ ਹੈ। ਉਸ ਦੇ ਬਾਅਦ 1975 ਨੂੰ ਹੋਲੇ ਮਹੱਲੇ ਅਨੰਦਪੁਰ ਸਾਹਿਬ ਇਕ ਕੀਰਤਨ ਦਰਬਾਰ ਹੋਇਆ। ਇਸ ਦਰਬਾਰ ਵਿਚ ਹਿੱਸਾ ਲੈਣ ਤੋਂ ਪਹਿਲਾਂ ਆਪ ਨੇ ਅੰਮ੍ਰਿਤ ਛਕਿਆ ਤੇ ਫਿਰ ਰਾਗ ਬਸੰਤ ਵਿਚ ਆਪ ਨੇ ਜਿਹੜਾ ਕੀਰਤਨ ਕੀਤਾ ਉਹ ਇਕ ਯਾਦਗੀਰੀ ਵਾਕਿਆ ਸੀ।

ਆਮ ਤੌਰ 'ਤੇ ਕੀਰਤਨ ਸ਼ੁਰੂ ਕਰਨ ਵੇਲੇ ਆਪ ਪਹਿਲਾਂ ਸੰਗੀਤ ਦੀ ਮਹੱਤਤਾ ਦੱਸਦੇ ਹਨ ਤੇ ਫਿਰ ਗਾਏ ਜਾਣ ਵਾਲੇ ਰਾਗ ਦਾ ਨਾਂ ਦੱਸ ਕੇ ਉਸ ਰਾਗ 'ਚੋਂ ਪਹਿਲਾ ਸ਼ਬਦ ਤਿੰਨ ਤਾਲ ਵਿਚ ਗਾਂਉਦੇ ਹਨ। ਇਸੇ ਸ਼ਬਦ ਵਿਚ ਆਪ ਕਲਾਸੀਕਲ ਸੰਗੀਤ ਦੀ ਆਪਣੀ ਕਲਾ ਦਾ ਪ੍ਰਦਰਸ਼ਨ ਵਧੇਰੇ ਕਰਦੇ ਹਨ। ਸਮੁੱਚੇ ਕੀਰਤਨ ਵਿਚ ਕਲਾਸੀਕਲ ਸੰਗੀਤ ਦਾ ਅੰਗ ਭਾਰੂ ਰਹਿੰਦਾ ਹੈ। ਕਈ ਸਰੋਤੇ ਇਹਨਾਂ ਦੇ ਬਹੁਤ ਕਰਾਸੀਕਲ ਸੰਗੀਤ ਨੂੰ ਪਸੰਦ ਨਹੀਂ ਕਰਦੇ। ਜਦੋਂ ਸਰੋਤੇ ਕਹਿੰਦੇ ਹਨ, "ਭਾਈ ਸਾਹਿਬ ਆਪ ਪੱਕੇ ਰਾਗਾਂ ਵਿਚ ਕੀਰਤਨ ਨਾ ਕਰੋ।" ਤਾਂ ਆਪ ਦਾ ਜਵਾਬ ਹੁੰਦਾ ਹੈ, "ਸ੍ਰੀ ਮਾਨ ਜੀ, ਕਦੀ ਤੁਸੀਂ ਕੱਚੀ ਰੋਟੀ ਵੀ ਖਾਧੀ ਹੈ। ਜਿਵੇਂ ਤੁਹਾਨੂੰ ਕੱਚੀ ਰੋਟੀ ਖਾਣ ਦੀ ਆਦਤ ਨਹੀਂ।" ਉਵੇਂ ਸਾਨੂੰ ਕੱਚੇ ਰਾਗ ਗਾਉਣ ਦੀ ਆਦਤ ਨਹੀਂ। ਇਸ ਭਾਵਨਾ ਕਰਕੇ ਕਈ ਵਾਰ ਆਪ ਨੂੰ ਮਾਇਕ ਤੌਰ 'ਤੇ ਨੁਕਸਾਨ ਵੀ ਹੁੰਦਾ ਹੈ ਪਰ ਆਪ ਆਪਣੀ ਧੁਨ ਦੇ ਪੱਕੇ ਹਨ।

ਆਪ ਲਗਾਤਾਰ ਸੰਗੀਤ ਦਾ ਰਿਆਜ਼ ਕਰਦੇ ਹਨ। ਦੋਹਾਂ ਭਰਾਵਾਂ ਨੂੰ ਫੁੱਟਬਾਲ ਖੇਡਣ ਦਾ ਵੀ ਸ਼ੌਕ ਹੈ। ਇਸ ਲਈ ਇਹ ਫੁੱਟਬਾਲ ਖੇਡਦੇ ਹਨ ਤੇ ਜਾਂ ਫਿਰ ਗਾਉਂਦੇ

ਹਨ। ਅਨੁਸਾਰ ਰੋਟੀ ਭਾਵੇਂ ਖੁੰਝ ਜਾਵੇ ਪਰ ਗਾਇਨ ਨਹੀਂ ਖੁੰਝਣਾ ਚਾਹੀਦਾ। ਆਪ ਨੂੰ ਜਦੋਂ ਵੀ ਸੰਗੀਤ ਸੰਬੰਧੀ ਕੋਈ ਸਿੱਖਿਆ ਦਿੰਦਾ ਹੈ ਉਸ ਨੂੰ ਬੜੇ ਸਤਿਕਾਰ ਨਾਲ ਕਬੂਲ ਕਰਦੇ ਹਨ। ਆਪ ਕਲਾਸੀਕਲ ਗਾਇਕੀ ਵਿਚ ਅਮਾਨਤ ਅਲੀ ਖਾਂ, ਫਤੇ ਖਾਂ, ਨਜ਼ਾਕਤ ਅਲੀ, ਅਲਾਮਤ ਅਲੀ ਖਾਂ, ਬੜੇ ਗੁਲਾਮ ਅਲੀ ਖਾਂ ਅਤੇ ਭੀਮ ਸੈਨ ਜੋਸ਼ੀ ਦੀ ਗਾਇਕੀ ਤੋਂ ਕਾਫੀ ਪ੍ਰਭਾਵਿਤ ਹਨ। ਇਸ ਗਾਇਕ ਜੋੜੀ ਤੇ ਹਿੰਦੁਸਤਾਨੀ ਭਾਰਤੀ ਸੰਗੀਤ ਅਤੇ ਖਾਸ ਕਰਕੇ ਗੁਰਮਤਿ ਸੰਗੀਤ ਨੂੰ ਬੜੀਆਂ ਆਸਾਂ ਹਨ। ਭਾਸ਼ਾ ਵਿਭਾਗ ਪੰਜਾਬ ਨੇ ਭਾਈ ਦਿਲਬਾਗ ਸਿੰਘ ਹੋਰਾਂ ਨੂੰ ਸ੍ਰੋਮਣੀ ਰਾਗੀ ਦਾ ਅਵਾਰਡ ਦੇ ਕੇ ਸ਼ਲਾਘਾ ਯੋਗ ਕੰਮ ਕੀਤਾ ਹੈ।

---

★ਨਾਲੋਂ ਵੱਖਰਾ ਦਸਦਿਆਂ ਕਿਹਾ ਕਿ ਗੁਰਮਤਿ ਸੰਗੀਤ ਦੀ ਪਹਿਚਾਣ ਬਣ ਚੁੱਕੀ ਹੈ, ਹੁਣ ਉਪਰਾਲੇ ਕਰ ਕੇ ਵਿਲੱਖਣਤਾ ਕਾਇਮ ਕਰਨੀ ਚਾਹੀਦੀ ਹੈ।

ਡਾ. ਜਤਿੰਦਰ ਸਿੰਘ ਦਾ ਵਿਚਾਰ ਸੀ ਕਿ ਗੁਰਬਾਣੀ ਸਦੀਵੀ ਹੈ ਅਤੇ ਪਰੰਪਰਾ ਪਰਿਵਰਤਨਸ਼ੀਲ। ਪੁਰਾਤਨਤਾ ਅਤੇ ਨਵੀਨਤਾ ਦਾ ਸੁਮੇਲ ਰੱਖਣਾ ਜਰੂਰੀ ਹੈ। ਸ੍ਰੀ ਜੋਗਿੰਦਰ ਸਿੰਘ ਦਾ ਵਿਚਾਰ ਸੀ ਕਿ ਕੀਰਤਨ ਦਾ ਮਕਸਦ ਇਸ ਨੂੰ ਸੰਗਤ ਵਿਚ ਕਰਨ ਨਾਲ ਪੂਰਾ ਹੁੰਦਾ ਹੈ। ਡਾ. ਜਾਗੀਰ ਸਿੰਘ (ਚੰਡੀਗੜ੍ਹ) ਦਾ ਵਿਚਾਰ ਸੀ ਕਿ ਜੇ ਰਾਗੀ ਗੁਰਬਾਣੀ ਦੇ ਰਾਗਾਂ ਦਾ ਰਿਆਜ਼ ਕਰ ਲੈਣ ਤਾਂ ਬਹੁਤੇ ਝਮੇਲਿਆਂ ਤੋਂ ਬਚਿਆ ਜਾ ਸਕਦਾ ਹੈ। ਲੋੜ ਗੁਰਮਤਿ ਸੰਗੀਤ ਦੇ ਵਧੇਰੇ ਪ੍ਰਚਾਰ ਦੀ ਹੈ।

ਡਾ. ਬਲਕਾਰ ਸਿੰਘ ਨੇ ਕਿਹਾ ਕਿ ਸੰਗੀਤ ਵਿਚ ਸਮਰਪਣ ਦੀ ਭਾਵਨਾ ਘੱਟ ਰਹੀ ਹੈ। ਕੀਰਤਨ ਮਨੁੱਖ ਨੂੰ ਸ਼ੋਰ ਵਿਚੋਂ ਕੱਢ ਕੇ ਸ਼ਾਂਤ ਅਤੇ ਸੰਤੁਲਿਤ ਕਰਦਾ ਹੈ।

ਸੈਮੀਨਾਰ ਦਾ ਆਖਰੀ ਪੜਾਅ ਡਾ. ਦਰਸ਼ਨ ਸਿੰਘ ਦੀ ਪ੍ਰਧਾਨਗੀ ਹੇਠ ਹੋਇਆ। ਇਸ ਵਿਚ ਡਾ. ਜਾਗੀਰ ਸਿੰਘ ਦਾ 'ਕੀਰਤਨ : ਵਿਰਸਾ ਅਤੇ ਵਰਤਮਾਨ', ਹਰਭਜਨ ਸਿੰਘ ਖਾਲਸਾ ਦਾ 'ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਗਿਣਤੀ ਦਾ ਸੁਆਲ' ਪ੍ਰੋ. ਰਣਜੀਤ ਸਿੰਘ (ਲੁਧਿਆਣਾ) 'ਗੁਰਮਤਿ ਸੰਗੀਤ ਵਿਚ ਤਬਲਾ ਵਾਦਨ', ਡਾ. ਦਵਿੰਦਰ ਸਿੰਘ ਵਿਦਿਆਰਥੀ 'ਸਿੱਖ ਕੀਰਤਨ ਦਾ ਇਤਿਹਾਸਕ ਵਿਕਾਸ ਪਰਚੇ ਪੜ੍ਹੇ ਗਏ।

ਮਿਸਿਜ਼ ਸ਼ਰਨ ਅਰੋੜਾ (ਅੰਮ੍ਰਿਤਸਰ) ਦਾ ਵਿਚਾਰ ਸੀ ਕਿ ਗੁਰਮਤਿ ਦੇ ਵਿਦਵਾਨਾਂ ਕੋਲ ਸੰਗੀਤ ਸ਼ਾਸਤਰ ਦੀ ਘਾਟ ਹੈ ਜਿਸ ਕਰਕੇ ਤਾਲਮੇਲ ਠੀਕ ਨਹੀਂ ਬੈਠ ਰਿਹਾ। ਸਾਨੂੰ ਗੁਰਮਤਿ ਸੰਗੀਤ ਕਾਲਜ ਖੋਲ੍ਹਣ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ।

ਪ੍ਰੋ. ਯਸ਼ਪਾਲ ਦਾ ਵਿਚਾਰ ਸੀ ਕਿ ਜੇ ਗੁਰਬਾਣੀ ਨਹੀਂ ਬਦਲੀ ਜਾ ਸਕਦੀ ਤਾਂ ਫਿਰ ਉਸਦੇ ਢਾਂਚੇ ਨੂੰ ਵੀ ਬਦਲਣ ਦੇ ਯਤਨ ਨਹੀਂ ਹੋਣੇ ਚਾਹੀਦੇ। ਕੀਰਤਨ ਨਾਲ ਮਨੁੱਖੀ ਪਿਆਰ ਅਤੇ ਏਕਤਾ ਬਣਦੀ ਹੈ। ਡਾ. ਦਰਸ਼ਨ ਸਿੰਘ ਨੇ ਸੈਮੀਨਾਰ ਦੀ ਸਮਾਪਤੀ ਕਰਦਿਆਂ ਕਿਹਾ ਕਿ ਗੁਰਬਾਣੀ ਵਿਚ ਬਹੁਤ ਸਾਰੀਆਂ ਵਿਉਂਤਾਂ ਹਨ ਜਿਨ੍ਹਾਂ ਵਿਚ ਇਕ ਸ਼ਕਤੀਸ਼ਾਲੀ ਸਾਧਨ ਹੈ—ਕੀਰਤਨ। ਉਨ੍ਹਾਂ ਵਿਦਵਾਨਾਂ ਵੱਲੋਂ ਉਠਾਏ ਮਹੱਤਵਪੂਰਨ ਨੁਕਤਿਆਂ ਦੀ ਸ਼ਲਾਘਾ ਕੀਤੀ। ਮੰਚ ਦੀ ਕਾਰਵਾਈ ਡਾ. ਗੁਰਨਾਮ ਸਿੰਘ ਅਤੇ ਸ੍ਰੀ ਮਨਜੀਤ ਸਿੰਘ ਨੇ ਵਾਰੋ ਵਾਰੀ ਚਲਾਈ।

ਡੂੰਘੀ ਸ਼ਾਮ ਗਏ ਪ੍ਰੰਪਰਿਕ ਰਾਗਾਂ 'ਤੇ ਆਧਾਰਿਤ ਕੀਰਤਨ ਦਰਬਾਰ ਹੋਇਆ, ਜਿਸ ਵਿਚ ਭਾਈ ਮਰਦਾਨਾ ਸਨਮਾਨ ਪ੍ਰਾਪਤ ਭਾਈ ਦਿਲਬਾਗ ਸਿੰਘ, ਗੁਲਬਾਗ ਸਿੰਘ, ਭਾਈ ਬਲਬੀਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਡਾ. ਜਾਗੀਰ ਸਿੰਘ ਅਤੇ ਭਾਈ ਹਰਚਰਨ ਸਿੰਘ ਵੱਕੜ ਦੇ ਰਾਗੀ ਜਥਿਆਂ ਨੇ ਹਿੱਸਾ ਲਿਆ।